# ਮੇਰੀ ਦੁਨੀਆ

(ਵਾਤਾਵਰਨ ਸਿੱਖਿਆ)

## ਤੀਜੀ ਸ਼੍ਰੇਣੀ

F1Q3M6

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਤੀਜਾ ਐਡੀਸ਼ਨ 2021 ...................... 1,75,300ਕਾਪੀਆਂ

All rights, including those of translation, reproduction
and annotation etc., are reserved by
the Punjab Government.

**ਕੋਆਰਡੀਨੇਟਰ** - **ਡਾ. ਸ਼ਰੁਤੀ ਸ਼ੁਕਲਾ**
ਵਿਸ਼ਾ ਮਾਹਰ , ਵਾਤਾਵਰਨ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ

**ਕਵਰ ਡਿਜ਼ਾਈਨ** - **ਮਨਜੀਤ ਸਿੰਘ ਢਿੱਲੋਂ**
ਚੀਫ਼ ਆਰਟਿਸਟ, ਪੰਜਾਬ ਸਕੂਲ ਸਿੱਖਿਆ ਬੋਰਡ

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਮੱਗਰ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ- 160002
ਰਾਹੀਂ ਪ੍ਰਕਾਸ਼ਿਤ ਅਤੇ ਮੈਸ : ਸਵੈਨ ਪ੍ਰਿੰਟਿੰਗ ਪ੍ਰੈਸ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਤੋਂ ਹੀ ਸਕੂਲ ਪੱਧਰ ਦੇ ਪਾਠਕ੍ਰਮ ਬਣਾਉਣ, ਰਾਸ਼ਟਰ ਅਤੇ ਰਾਜ ਪੱਧਰ 'ਤੇ ਬਦਲਦੀਆਂ ਵਿੱਦਿਅਕ ਲੋੜਾਂ ਅਨੁਸਾਰ ਪਾਠ ਕ੍ਰਮ ਨੂੰ ਨਵਿਆਉਣ ਅਤੇ ਉਸ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਹੱਥਲੀ ਪੁਸਤਕ ਵੱਖ-ਵੱਖ ਵਰਕਸ਼ਾਪਾਂ ਲਗਾ ਕੇ ਖੇਤਰੀ ਮਾਹਰਾਂ ਵੱਲੋਂ NCF-2005 ਅਤੇ PCF-2013 ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਕਿਰਿਆਵਾਂ ਅਤੇ ਚਿੱਤਰਾਂ ਦੀ ਸਹਾਇਤਾ ਨਾਲ਼ ਇਸ ਪਾਠ-ਪੁਸਤਕ ਨੂੰ ਰੋਚਕ ਬਣਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਇਹ ਪੁਸਤਕ ਬੋਰਡ, SCERT ਦੇ ਮਾਹਰਾਂ ਅਤੇ ਖੇਤਰ ਦੇ ਤਜ਼ਰਬੇਕਾਰ ਅਧਿਆਪਕਾਂ/ਮਾਹਰਾਂ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਬੋਰਡ ਇਨ੍ਹਾਂ ਸਭ ਦਾ ਧੰਨਵਾਦੀ ਹੈ।

ਲੇਖਕਾਂ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਪੁਸਤਕ ਦੀ ਰੂਪ-ਰੇਖਾ ਤੀਜੀ ਸ਼੍ਰੇਣੀ ਦੇ ਵਿਦਿਅਰਥੀਆਂ ਦੇ ਮਾਨਸਿਕ ਪੱਧਰ ਮੁਤਾਬਿਕ ਹੀ ਹੋਵੇ। ਪੁਸਤਕ ਵਿੱਚ ਦਿੱਤੀ ਵਿਸ਼ਾ-ਸਮੱਗਰੀ ਅਤੇ ਉਦਾਹਰਨਾ ਵਿਦਿਆਰਥੀਆਂ ਦੇ ਆਲੇ-ਦੁਆਲੇ ਦੇ ਵਾਤਾਵਰਨ ਅਤੇ ਉਸ ਨਾਲ ਸਬੰਧਤ ਪ੍ਰਸਥਿਤੀਆਂ ਮੁਤਾਬਿਕ ਹੀ ਤਿਆਰ ਕੀਤੀਆਂ ਗਈਆਂ ਹਨ। ਹਰੇਕ ਪਾਠ ਵਿੱਚ ਕਈ ਕਿਰਿਆਵਾਂ ਦਿੱਤੀਆਂ ਗਈਆਂ ਹਨ। ਸਥਾਨਕ ਸਾਧਨਾਂ ਅਤੇ ਵਿਦਿਆਰਥੀ ਜੀਵਨ ਦੇ ਅਸਲੀ ਹਾਲਤਾਂ ਅਨੁਸਾਰ ਇਹ ਕਿਰਿਆਵਾਂ ਬਦਲੀਆਂ ਜਾ ਸਕਦੀਆਂ ਹਨ।

ਆਸ ਹੈ ਕਿ ਇਹ ਪਾਠ-ਪੁਸਤਕ ਵਿਦਿਆਰਥੀਆਂ ਲਈ ਰੋਚਕ ਅਤੇ ਲਾਹੇਵੰਦ ਸਿੱਧ ਹੋਵੇਗੀ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਨੂੰ ਬੋਰਡ ਆਦਰ ਸਹਿਤ ਸਵੀਕਾਰ ਕਰੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਪੁਸਤਕ ਤਿਆਰ ਕਰਤਾ ਕਮੇਟੀ

## ਲੇਖਕ

| | |
|---|---|
| • ਡਾ. ਸ਼ਰੁਤੀ ਸ਼ੁਕਲਾ | ਕੋਆਰਡੀਨੇਟਰ ਵਾਤਾਵਰਨ ਸਿੱਖਿਆ ਪੰਜਾਬ ਸਕੂਲ ਸਿੱਖਿਆ ਬੋਰਡ |
| • ਰਾਜਪਾਲ ਸਿੰਘ | (ਰਿਟਾ. ਲੈੱਕ.) ਸਸਸਸ ਹਰੀਨਾਓ, ਕੋਟਕਪੂਰਾ, ਫ਼ਰੀਦਕੋਟ |
| • ਗੁਰਮੀਤ ਸਿੰਘ | (ਰਿਟਾ. ਲੈੱਕ.) ਸਸਸਸ ਖਰੜ (ਮਾਡਲ), ਐਸ. ਏ. ਐਸ. ਨਗਰ |
| • ਕੁਲਵੰਤ ਸਿੰਘ ਢੰਡ | (ਰਿਟਾ. ਲੈੱਕ.) ਸਸਸਸ ਮਾਣਕਪੁਰ ਖੇੜਾ, ਪਟਿਆਲਾ |
| • ਵਰਿੰਦਰ ਕੁਮਾਰ | ਮੁਖ ਅਧਿਆਪਕ, ਸ.ਪ੍ਰ.ਸ. ਮਚਾਕੀ ਮੱਲ ਸਿੰਘ, ਫਰੀਦਕੋਟ |
| • ਗੁਰਵਿੰਦਰ ਸਿੰਘ | ਸਾਇੰਸ ਮਾਸਟਰ, ਸਸਸਸ ਭੁੰਬਾ, ਬਠਿੰਡਾ |
| • ਨਿਰਮਲ ਸਿੰਘ | ਅਧਿਆਪਕ, ਸ.ਪ੍ਰ.ਸ. ਨੰਗਲ, ਫ਼ਰੀਦਕੋਟ |
| • ਅਮਰਜੀਤ ਸਿੰਘ | ਸਾਇੰਸ ਮਾਸਟਰ, ਸ. ਸ. ਸ. ਸ ਰੰਘੜਿਆਲ, ਮਾਨਸਾ |
| • ਅਮ੍ਰਿਤਵੀਰ ਸਿੰਘ ਬੋਹਾ | ਅਧਿਆਪਕ, ਸ.ਪ੍ਰ.ਸ. ਜਲਵੇੜਾ, ਮਾਨਸਾ |
| • ਹਰਿੰਦਰ ਸਿੰਘ ਗਰੇਵਾਲ | ਡੀ. ਪੀ. ਈ. ਸ. ਹ. ਸ. ਬੂਹੀ, ਪਟਿਆਲਾ |
| • ਗੁਰਬਾਜ਼ ਸਿੰਘ | ਅਧਿਆਪਕ, ਸ.ਪ੍ਰ.ਸ. ਇੱਛੇਵਾਲ, ਪਟਿਆਲਾ |
| • ਪੰਕਜ ਸ਼ਰਮਾ | ਸਾਇੰਸ ਮਾਸਟਰ, ਸ. ਮਿ. ਸ. ਭੋਏਵਾਲੀ, ਅਮ੍ਰਿਤਸਰ |
| • ਨਰਿੰਦਰ ਅਰੋੜਾ | ਅਧਿਆਪਕ, ਸ.ਪ੍ਰ.ਸ ਝਾਂਸ, ਹੁਸ਼ਿਆਰਪੁਰ |

## ਸੋਧ ਕਮੇਟੀ

| | |
|---|---|
| • ਸੀਮਾ ਖੇੜਾ | ਵਿਸ਼ਾ ਮਾਹਰ, ਐਸ.ਸੀ.ਈ.ਆਰ.ਟੀ |
| • ਮਹਿੰਦਰ ਸਿੰਘ | ਅਧਿਆਪਕ, ਸ.ਪ੍ਰ.ਸ. ਢੁੱਡੀ, ਫ਼ਰੀਦਕੋਟ |
| • ਵਜਿੰਦਰ ਕੁਮਾਰ | ਮੁੱਖ ਅਧਿਆਪਕ, ਸ.ਪ੍ਰ.ਸ. ਨਵਾਂ ਨੱਥੇਵਾਲ, ਫਰੀਦਕੋਟ |
| • ਜਸਵਿੰਦਰ ਸਿੰਘ | ਸੈਂਟਰ ਮੁੱਖ ਅਧਿਆਪਕ, ਸ. ਪ੍ਰ. ਸ. ਸਾਦਿਕ ਫ਼ਰੀਦਕੋਟ |
| • ਅਮਰਜੀਤ ਸਿੰਘ | ਲੈਕ. ਸ. ਸੀ. ਸੈ. ਸ. ਐਚ. ਆਰ (ਐਲ) ਵਾਰਡ 16, ਮੁਕਤਸਰ |

# ਤਤਕਰਾ


| ਲੜੀ ਨੰ. | ਪਾਠ | ਪੰਨਾ ਨੰ. |
|---|---|---|
| 1. | ਪਰਿਵਾਰ ਅਤੇ ਰਿਸ਼ਤੇ | 1-6 |
| 2. | ਦਾਦਾ ਜੀ ਜਦੋਂ ਜਵਾਨ ਸਨ | 7-12 |
| 3. | ਸਾਡੇ ਸਹਿਯੋਗੀ ਕਿੱਤਾਕਾਰ | 13-17 |
| 4. | ਆਓ ਖੇਡਿਏ | 18-23 |
| 5. | ਪੌਦੇ-ਸਾਡੇ ਮਿੱਤਰ | 24-32 |
| 6. | ਰੰਗ-ਬਿਰੰਗੇ ਪੱਤੇ | 33-38 |
| 7. | ਜੰਤੂ—ਇਕ ਜਾਣ-ਪਹਿਚਾਣ | 39-43 |
| 8. | ਪੰਛਿਆਂ ਦੀ ਦੁਨੀਆ | 44-48 |
| 9. | ਭੋਜਨ ਪਕਾਈਏ ਅਤੇ ਖਾਈਏ | 49-59 |
| 10. | ਪਰਿਵਾਰ ਅਤੇ ਜਾਨਵਰ | 60-66 |
| 11. | ਸਾਡਾ ਆਵਾਸ | 67-73 |
| 12. | ਸਾਡਾ ਆਂਢ-ਗੁਆਂਢ | 74-80 |
| 13. | ਪਾਣੀ-ਜੀਵਨ ਦਾ ਆਧਾਰ | 81-85 |
| 14. | ਪਾਣੀ ਦੇ ਸ੍ਰੋਤ | 86-92 |
| 15. | ਸ੍ਰੀ ਅੰਮ੍ਰਿਤਸਰ ਸਾਹਿਬ ਦਾ ਟੂਰ | 93-103 |
| 16. | ਪੰਖੁੜੀ ਦਾ ਸੰਦੇਸ਼ | 104-109 |
| 17. | ਫੁੱਲਾਂ ਵਾਲੀ ਫ਼ਰਾਕ | 110-117 |
| 18. | ਮਿੱਟੀ ਦੇ ਖਿਡੌਣੇ | 118-121 |
| 19. | ਡਿਜੀਟਲ ਉਪਕਰਨ | 122-126 |

# ਵਾਤਾਵਰਨ ਸਿੱਖਿਆ
## ਸਿੱਖਣ ਦੇ ਨਤੀਜੇ

**ਸਿੱਖਣ ਦੇ ਨਤੀਜੇ**

**ਸਿਖਿਆਰਥੀ**

- ਆਪਣੇ ਨੇੜਲੇ ਵਾਤਾਵਰਨ ਵਿੱਚੋਂ ਪੌਦਿਆਂ ਦੇ ਪੱਤਿਆਂ, ਤਣਿਆਂ ਅਤੇ ਛਿੱਲ (ਸੱਕ) ਦੇ ਸਧਾਰਨ, ਦਿਖਣਯੋਗ ਲੱਛਣਾਂ (ਆਕਾਰ, ਰੰਗ, ਬਣਤਰ, ਗੰਧ) ਨੂੰ ਪਛਾਣਦਾ ਹੈ।
- ਆਪਣੇ ਨੇੜਲੇ ਵਾਤਾਵਰਨ ਵਿੱਚੋਂ ਜੰਤੂਆਂ ਅਤੇ ਪੰਛੀਆਂ ਦੇ ਸਧਾਰਨ ਲੱਛਣਾਂ (ਗਤੀ, ਭੋਜਨ ਸੰਬੰਧੀ ਆਦਤਾਂ, ਧੁਨੀਆਂ) ਨੂੰ ਪਛਾਣਦਾ ਹੈ।
- ਪਰਿਵਾਰਕ ਮੈਂਬਰਾਂ ਨਾਲ਼ ਅਤੇ ਉਹਨਾਂ ਵਿਚਲੇ ਸੰਬੰਧਾਂ ਨੂੰ ਸਮਝਦਾ ਹੈ।
- ਉਹ ਘਰ/ਸਕੂਲ/ਆਲੇ-ਦੁਆਲੇ ਵਿੱਚੋਂ ਵੱਖ-ਵੱਖ ਵਸਤਾਂ, ਚਿੰਨ੍ਹਾਂ, (ਭਾਂਡੇ, ਚੁਲ੍ਹੇ, ਆਵਾਜਾਈ, ਸੰਚਾਰ ਦੇ ਸਾਧਨ, ਸੂਚਨਾ-ਬੋਰਡ), ਸਥਾਨਾਂ (ਘਰ/ਆਸਰਾ, ਬਸ ਅੱਡਾ, ਪੈਟਰੋਲ-ਪੰਪ ਆਦਿ) ਗਤੀਵਿਧੀਆਂ (ਲੋਕਾਂ ਦੇ ਕੰਮਾਂ, ਖਾਣਾ ਪਕਾਉਣ ਦੀਆਂ ਵਿਧੀਆਂ) ਪਛਾਣਦਾ ਹੈ।
- ਵੱਖ-ਵੱਖ ਆਯੂ-ਗੁੱਟ ਦੇ ਲੋਕਾਂ, ਜੰਤੂਆਂ, ਪੰਛੀਆਂ ਦੀਆਂ ਭੋਜਨ ਲੋੜਾਂ, ਭੋਜਨ-ਪਾਣੀ ਦੀ ਉਪਲੱਬਧਤਾ, ਘਰ ਅਤੇ ਆਲ਼ੇ-ਦੁਆਲ਼ੇ ਵਿੱਚ ਪਾਣੀ ਦੀ ਵਰਤੋਂ ਬਾਰੇ ਦੱਸਦਾ ਹੈ।
- ਪਰਿਵਾਰਕ ਮੈਂਬਰਾਂ ਦੀ ਭੂਮਿਕਾ, ਪਰਿਵਾਰਕ ਅਸਰਾਂ (ਗੁਣਾਂ/ਲੱਛਣਾਂ/ਆਦਤਾਂ/ਰਿਵਾਜਾਂ), ਇੱਕਠੇ ਰਹਿਣ ਦੀ ਲੋੜ ਬਾਰੇ ਲਿਖਤੀ, ਜ਼ਬਾਨੀ ਜਾਂ ਹੋਰ ਢੰਗਾਂ ਰਾਹੀਂ ਬਿਆਨ ਕਰਦਾ ਹੈ।
- ਉਹ ਆਪਣੇ ਗਿਆਨ ਵਿਵੇਕ ਨਾਲ ਵਸਤਾਂ, ਪੰਛੀਆਂ, ਜੰਤੂਆਂ ਦੇ ਲੱਛਣਾਂ, ਗਤੀਵਿਧੀਆਂ ਦੀਆਂ ਸਮਾਨਤਾਵਾਂ, ਭਿੰਨਤਾਵਾਂ, ਜਿਵੇਂ ਦਿੱਖ, ਨਿਵਾਸ ਸਥਾਨ, ਗਤੀ, ਪਸੰਦ-ਨਾਪਸੰਦ ਅਤੇ ਕੋਈ ਹੋਰ ਲੱਛਣ ਅਨੁਸਾਰ ਸਮੂਹਾਂ ਵਿੱਚ ਵੰਡਦਾ ਹੈ।
- ਵਰਤਮਾਨ ਅਤੇ ਭੂਤਕਾਲ ਦੀਆਂ ਵਸਤਾਂ ਅਤੇ ਕਿਰਿਆਵਾਂ (ਕੱਪੜੇ, ਭਾਂਡੇ, ਖੇਡਾਂ, ਕਿੱਤਿਆਂ) ਵਿੱਚ ਅੰਤਰ ਕਰਦਾ ਹੈ।
- ਜ਼ੁਬਾਨੀ ਸੰਕੇਤਾਂ/ਪ੍ਰਤੀਕਾਂ ਦੀ ਵਰਤੋਂ ਨਾਲ਼ ਸਧਾਰਨ ਨਕਸ਼ਿਆਂ (ਘਰ/ਸਕੂਲ/ਜਮਾਤ) ਵਿੱਚ ਦਿਸ਼ਾਵਾਂ ਅਤੇ ਵੱਖ-ਵੱਖ ਸਥਾਨਾਂ ਦੀ ਸਥਿਤੀ ਨੂੰ ਪਛਾਣਦਾ ਹੈ।
- ਰੋਜ਼ਾਨਾ ਜ਼ਿੰਦਗੀ ਦੀਆਂ ਗਤੀਵਿਧੀਆਂ, ਵਰਤੋਂ ਯੋਗ-ਸਮੱਗਰੀ ਦੇ ਗੁਣਾਂ ਦਾ ਅੰਦਾਜ਼ਾ ਅਤੇ ਮਿਕਦਾਰ ਦਾ ਅਨੁਮਾਨ ਲਾਉਂਦਾ ਹੈ ਅਤੇ ਚਿੰਨ੍ਹਾਂ, ਗ਼ੈਰ-ਮਿਆਰੀ ਇਕਾਈਆਂ (ਗਿੱਠ, ਮੱਗ, ਚਮਚਾ) ਨਾਲ਼ ਅਨੁਮਾਨ ਦੀ ਪੜਤਾਲ ਕਰਦਾ ਹੈ।
- ਵਸਤਾਂ/ਗਤੀਵਿਧੀਆਂ/ਦੌਰਾ ਕੀਤੀਆਂ ਹੋਈਆਂ ਥਾਂਵਾਂ ਸੰਬੰਧੀ ਵੱਖ-ਵੱਖ ਤਰੀਕਿਆਂ ਨਾਲ਼ ਅਵ-ਲੋਕਣ, ਅਨੁਭਵ, ਸੂਚਨਾ ਦਾ ਰਿਕਾਰਡ ਰੱਖਦਾ ਹੈ ਤੇ ਨਮੂਨਿਆਂ (ਪੈਟਰਨ) ਜਿਵੇਂ ਚੰਨ ਦੀਆਂ ਆਕ੍ਰਿਤੀਆਂ, ਰੁੱਤਾਂ ਆਦਿ ਦਾ ਪੂਰਵ-ਅਨੁਮਾਨ ਲਾਉਂਦਾ ਹੈ।
- ਚਿੱਤਰਾਂ, ਡਿਜ਼ਾਇਨਾਂ, ਮੋਟਿਫ (Motif), ਮਾਡਲ, ਕਿਸੇ ਵਸਤੂ ਦੇ ਉੱਪਰੀ, ਸਾਹਮਣੇ, ਪਾਸੇ ਵਾਲੇ ਦ੍ਰਿਸ਼, ਜਮਾਤ/ਘਰ/ਸਕੂਲ ਦੇ ਸਧਾਰਨ ਨਕਸ਼ੇ, ਕਵਿਤਾਵਾਂ ਅਤੇ ਨਾਅਰਿਆਂ ਦੀ ਰਚਨਾ ਕਰਦਾ ਹੈ।
- ਖੇਡਾਂ (ਸਥਾਨਕ/ਇਨਡੋਰ/ਆਊਟਡੋਰ) ਅਤੇ ਹੋਰ ਸਾਂਝੇ ਕੰਮਾਂ ਵਿੱਚ ਨਿਯਮਾਂ ਦੀ ਪਾਲਣਾ ਕਰਦਾ ਹੈ। ਚੰਗੇ/ਮਾੜੇ ਸਪਰਸ਼, ਪਰਿਵਾਰ ਵਿੱਚ ਲਿੰਗ ਆਧਾਰਤ ਕੰਮਾਂ/ਖੇਡਾਂ/ਭੋਜਨ ਸੰਬੰਧੀ ਰੂੜ੍ਹੀਵਾਦੀ ਵਿਚਾਰਾਂ, ਪਰਿਵਾਰ, ਸਕੂਲ ਵਿੱਚ ਭੋਜਨ ਅਤੇ ਪਾਣੀ ਦੀ ਬਰਬਾਦੀ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਾ ਹੈ।
- ਆਲ਼ੇ-ਦੁਆਲ਼ੇ ਵਿੱਚ ਪੌਦਿਆਂ, ਜੰਤੂਆਂ, ਬਜ਼ੁਰਗਾਂ, ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਅਤੇ ਵਿਭਿੰਨ ਪਰਿਵਾਰਕ ਢਾਂਚੇ ਪ੍ਰਤੀ ਸੰਵੇਦਨਸ਼ੀਲਤਾ ਰੱਖਣੀ (ਦਿੱਖ, ਸਮਰੱਥ ਚੋਣ, ਪਸੰਦ-ਨਾਪਸੰਦ) ਤੇ ਮੁਢਲੀਆਂ ਲੋੜਾਂ ਜਿਵੇਂ ਭੋਜਨ, ਆਸਰਾ ਆਦਿ ਦੀ ਵਿਭਿੰਨਤਾ ਪ੍ਰਤੀ।

ਪਾਠ - 1

# ਪਰਿਵਾਰ ਅਤੇ ਰਿਸ਼ਤੇ

ਪਿਆਰੇ ਬੱਚਿਓ, ਅਸੀਂ ਸਾਰੇ ਇਕੱਲੇ-ਇਕੱਲੇ ਰਹਿਣ ਦੀ ਥਾਂ ਸਮੂਹ ਵਿੱਚ ਰਹਿਣਾ ਪਸੰਦ ਕਰਦੇ ਹਾਂ, ਜਿਵੇਂ ਕਿਰਨ, ਉਸਦਾ ਭਰਾ ਅਤੇ ਉਹਨਾਂ ਦੇ ਮਾਤਾ-ਪਿਤਾ ਇੱਕ ਘਰ ਵਿੱਚ ਰਹਿੰਦੇ ਹਨ। ਇਹ ਇੱਕ ਪਰਿਵਾਰ ਹੈ। ਪਰਿਵਾਰ ਦੇ ਸਾਰੇ ਜੀਅ ਰਲ਼-ਮਿਲ਼ ਕੇ ਰਹਿੰਦੇ ਹਨ। ਆਓ, ਕੁਝ ਪਰਿਵਾਰਾਂ ਨਾਲ਼ ਜਾਣ-ਪਹਿਚਾਣ ਕਰੀਏ।



ਪਰਿਵਾਰ

## ਕਿਰਨ ਦਾ ਪਰਿਵਾਰ

ਕਿਰਨ ਦੇ ਘਰ ਵਿੱਚ ਚਾਰ ਜੀਅ ਹਨ-ਕਿਰਨ, ਉਸਦੇ ਮਾਤਾ-ਪਿਤਾ ਅਤੇ ਉਸਦਾ ਛੋਟਾ ਭਰਾ। ਉਸਦੇ ਪਿਤਾ ਜੀ ਬੈਂਕ ਵਿੱਚ ਨੌਕਰੀ ਕਰਦੇ ਹਨ ਜਦ ਕਿ ਮਾਤਾ ਜੀ ਸਕੂਲ ਵਿੱਚ ਅਧਿਆਪਕਾ ਹਨ। ਦੋ ਸਾਲ ਪਹਿਲਾਂ ਉਹ ਸਾਰੇ ਕਿਰਨ ਦੇ ਦਾਦਾ-ਦਾਦੀ ਦੇ ਨਾਲ਼ ਇੱਕ ਘਰ ਵਿੱਚ ਹੀ ਰਹਿੰਦੇ ਸਨ, ਪਰ ਕਿਰਨ ਦੇ ਪਿਤਾ ਜੀ ਨੂੰ ਸ਼ਹਿਰ ਵਿੱਚ ਨੌਕਰੀ ਮਿਲ਼ਣ ਕਰਕੇ, ਉਹ ਚਾਰੇ ਹੁਣ ਇੱਥੇ ਸ਼ਹਿਰ ਵਿੱਚ ਹੀ ਰਹਿਣ ਲੱਗੇ ਹਨ।

## ਕੁਲਦੀਪ ਦਾ ਪਰਿਵਾਰ

ਕੁਲਦੀਪ ਦਾ ਘਰ ਬਹੁਤ ਵੱਡਾ ਹੈ। ਉਸਦੇ ਪਿਤਾ ਅਵਤਾਰ ਸਿੰਘ ਇੱਕ ਕਿਸਾਨ ਹਨ ਅਤੇ ਖੇਤ ਵਿਚ ਕੰਮ ਕਰਦੇ ਹਨ। ਉਸਦੇ ਚਾਚਾ ਜਗਤਾਰ ਸਿੰਘ ਵੀ ਖੇਤ ਵਿੱਚ ਉਹਨਾਂ ਦੀ ਮਦਦ ਕਰਦੇ ਹਨ। ਉਸਦੇ ਮਾਤਾ ਨਸੀਬ ਕੌਰ ਘਰ ਵਿੱਚ ਪਸ਼ੂਆਂ ਨੂੰ ਸਾਂਭਦੇ ਹਨ। ਜਦ ਉਸਦੇ

ਮਾਤਾ ਜੀ ਮੱਝਾਂ ਦਾ ਦੁੱਧ ਚੋਂਦੇ ਹਨ ਤਾਂ ਉਸਦੇ ਚਾਚੀ ਜੀ ਰਸੋਈ ਵਿੱਚ ਖਾਣਾ ਬਣਾਉਂਦੇ ਹਨ। ਉਸਦੇ ਚਾਚਾ ਜੀ ਦੀ ਲੜਕੀ, ਮਨਦੀਪ ਵੀ ਉਹਨਾਂ ਦੇ ਨਾਲ਼ ਰਹਿੰਦੀ ਹੈ। ਸ਼ਾਮ ਨੂੰ ਜਦ ਖਾਣਾ ਬਣ ਜਾਂਦਾ ਹੈ ਤਾਂ ਦਾਦੀ ਜੀ ਸਭ ਨੂੰ ਖਾਣਾ ਵਰਤਾਅ ਦਿੰਦੇ ਹਨ।

ਕੱਲ੍ਹ ਸ਼ਾਮ ਜਦ ਦਾਦੀ ਮਾਂ ਖਾਣਾ ਵਰਤਾਅ ਰਹੇ ਸਨ ਤਾਂ ਕੁਲਦੀਪ ਬਾਹਰੋਂ ਖੇਡਦਾ ਹੋਇਆ ਆਇਆ ਅਤੇ ਸਿੱਧਾ ਹੀ ਰੋਟੀ ਵਾਲੀ ਥਾਲ਼ੀ ਨੂੰ ਜਾ ਚਿੰਬੜਿਆ। ਦਾਦੀ ਜੀ ਨੇ ਥਾਲ਼ੀ ਪਾਸੇ ਕਰਦੇ ਹੋਏ ਕਿਹਾ ਪਹਿਲਾਂ ਹੱਥ ਧੋ ਕੇ ਆ, ਗੰਦੇ ਹੱਥਾਂ ਵਿੱਚ ਕੀਟਾਣੂ ਹੁੰਦੇ ਹਨ ਜੋ ਬਿਮਾਰ ਕਰ ਦਿੰਦੇ ਹਨ।" ਆਪਣੇ ਸਰੀਰ ਦਾ ਖ਼ਿਆਲ ਰੱਖ ਕੇ ਅਸੀਂ ਗੰਦਗੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚ ਕੇ ਸਿਹਤਮੰਦ ਰਹਿ ਸਕਦੇ ਹਾਂ।

ਬੱਚਿਓ! ਆਓ ਕੁਝ ਚੰਗੀਆਂ ਆਦਤਾਂ ਬਾਰੇ ਜਾਣੀਏ :

1. ਖੁੱਲ੍ਹੇ ਵਿੱਚ ਪਖ਼ਾਨਾ ਨਾ ਕਰਨਾ ਅਤੇ ਆਪਣੇ ਘਰ ਵਿੱਚ ਬਣੇ ਪਖ਼ਾਨੇ ਦੀ ਵਰਤੋਂ ਕਰਨਾ।
2. ਰੋਜ਼ ਆਪਣੇ ਦੰਦਾਂ ਨੂੰ ਸਾਫ਼ ਕਰਨਾ।
3. ਪਾਣੀ ਦੀ ਦੁਰਵਰਤੋਂ ਨਾ ਕਰਨਾ।
4. ਰੋਜ਼ ਨਹਾ ਕੇ ਸਕੂਲ ਆਉਣਾ।
5. ਨਹਾਉਣ ਤੋਂ ਬਾਅਦ ਸਾਫ਼ ਕੱਪੜੇ ਪਾਉਣਾ।
6. ਆਪਣੇ ਹੱਥਾਂ ਅਤੇ ਪੈਰਾਂ ਦੇ ਨਹੁੰਆਂ ਨੂੰ ਸਮੇਂ-ਸਮੇਂ ਕੱਟਣਾ।
7. ਖਾਣਾ ਖਾਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ।
8. ਸਾਫ਼-ਸੁਥਰੀ ਵਰਦੀ ਅਤੇ ਪਾਲਸ਼ ਕੀਤੇ ਬੂਟ ਪਾ ਕੇ ਸਕੂਲ ਆਉਣਾ।





### ਕਿਰਿਆ-1

ਤੁਹਾਡੇ ਘਰ ਵਿੱਚ ਕੌਣ-ਕੌਣ ਹੈ ? ਉਹਨਾਂ ਦੇ ਨਾਮ ਲਿਖੋ ਅਤੇ ਦੱਸੋ ਕਿ ਉਹ ਤੁਹਾਡੇ ਕੀ ਲੱਗਦੇ ਹਨ ?

| ਨਾਮ | ਤੁਹਾਡੇ ਨਾਲ਼ ਰਿਸ਼ਤਾ |
|---|---|
| .................. | .................................... |
| .................. | .................................... |
| .................. | .................................... |
| .................. | .................................... |

### ਪੰਮੀ ਦਾ ਪਰਿਵਾਰ

ਪੰਮੀ ਆਪਣੇ ਨਾਨਕੇ ਰਹਿੰਦੀ ਹੈ। ਉੱਥੇ ਉਸਦੇ ਮਾਮਾ-ਮਾਮੀ ਵੀ ਨਾਲ ਰਹਿੰਦੇ ਹਨ। ਪੰਮੀ ਨੂੰ ਇੱਕ ਦਿਨ ਟਰੰਕ ਵਿੱਚੋਂ ਕੁਝ ਗੁੱਡੀਆਂ ਲੱਭ ਗਈਆਂ। ਉਸਦੀ ਨਾਨੀ ਨੇ ਦੱਸਿਆ ਕਿ ਪੰਮੀ ਦੀ ਮਾਂ ਜਦੋਂ ਛੋਟੀ ਹੁੰਦੀ ਸੀ ਤਾਂ ਉਹ ਇਹਨਾਂ ਗੁੱਡੀਆਂ ਨਾਲ਼ ਖੇਡਦੀ ਹੁੰਦੀ ਸੀ। ਪੰਮੀ ਨੂੰ ਬੜੀ ਹੈਰਾਨੀ ਹੋਈ ਕਿ ਉਸਦੀ ਮਾਂ ਵੀ ਕਦੇ ਏਨੀ ਛੋਟੀ ਹੁੰਦੀ ਸੀ। ਪੰਮੀ ਦੀ ਨਾਨੀ ਨੇ ਸਮਝਾਇਆ ਕਿ ਉਸਦੀ ਮਾਂ ਪਹਿਲਾਂ ਇਸ ਪਰਿਵਾਰ ਦੀ ਮੈਂਬਰ ਸੀ ਜਦ ਕਿ ਵਿਆਹ ਪਿੱਛੋਂ ਉਹ ਪੰਮੀ ਦੇ ਦਾਦਕੇ ਪਰਿਵਾਰ ਦੀ ਮੈਂਬਰ ਬਣ ਗਈ।

### ਕਿਰਿਆ-2

ਆਪਣੇ ਪਰਿਵਾਰ ਦੇ ਕਿਸੇ ਬਜ਼ੁਰਗ ਮੈਂਬਰ ਨੂੰ ਪੁੱਛੋ, ਕੀ ਉਹ ਆਪਣੇ ਬਚਪਨ ਵਿੱਚ ਵੀ ਇਸੇ ਪਰਿਵਾਰ ਦੇ ਮੈਂਬਰ ਸਨ ?

### ਰਾਣੀ ਦਾ ਪਰਿਵਾਰ

ਰਾਣੀ ਦੇ ਪਿਤਾ ਮਜ਼ਦੂਰੀ ਕਰਦੇ ਹਨ। ਉਸ ਦੀਆਂ ਤਿੰਨ ਭੈਣਾਂ ਅਤੇ ਦੋ ਭਰਾ ਹਨ। ਜਦੋਂ ਰਾਣੀ ਦੇ ਮਾਤਾ ਜੀ ਘਰ ਦਾ ਕੰਮ ਕਰਦੇ ਹਨ ਤਾਂ ਰਾਣੀ ਆਪਣੇ ਛੋਟੇ ਭਰਾਵਾਂ ਨੂੰ ਖਿਡਾਉਂਦੀ ਹੈ। ਇਸ ਕਰਕੇ ਉਹ ਸਕੂਲ ਨਹੀਂ ਜਾ ਸਕਦੀ। ਉਸ ਦਾ ਵੀ ਸਕੂਲ ਜਾਣ ਨੂੰ ਦਿਲ ਕਰਦਾ ਹੈ ਪਰ ਉਸਦੇ ਪਿਤਾ ਜੀ ਕਹਿੰਦੇ ਹਨ ਕਿ ਉਹ ਏਨੇ ਬੱਚਿਆਂ ਨੂੰ ਨਹੀਂ ਪੜ੍ਹਾ ਸਕਦੇ।

**ਪ੍ਰਸ਼ਨ 1. ਕੀ ਰਾਣੀ ਨੂੰ ਸਕੂਲ ਜਾਣਾ ਚਾਹੀਦਾ ਹੈ ਜਾਂ ਘਰ ਰਹਿ ਕੇ ਆਪਣੇ ਭਰਾਵਾਂ ਨੂੰ ਖਿਡਾਉਣਾ ਚਾਹੀਦਾ ਹੈ ?**

..............................................................................................

..............................................................................................

## ਜਦੋਂ ਦੀਪੂ ਦੇ ਸੱਟ ਲੱਗੀ

ਬੱਚਿਓ, ਤੁਸੀਂ ਸਕੂਲ ਤੋਂ ਬਾਅਦ ਘਰ ਜਾਂਦੇ ਹੋ। ਦੀਪੂ ਵੀ ਕੱਲ੍ਹ ਸਕੂਲ ਤੋਂ ਬਾਅਦ ਜਦ ਘਰ ਗਿਆ ਤਾਂ ਉਸਦੀ ਮਾਤਾ ਜੀ ਨੇ ਉਸਨੂੰ ਖਾਣ ਲਈ ਰੋਟੀ ਦਿੱਤੀ। ਦੀਪੂ ਰੋਟੀ ਖਾ ਕੇ ਖੇਡਣ ਚਲਾ ਗਿਆ। ਖੇਡਦੇ ਹੋਏ ਦੀਪੂ ਡਿੱਗ ਪਿਆ ਅਤੇ ਉਸਦੇ ਗੋਡਿਆਂ 'ਤੇ ਰਗੜਾਂ ਲੱਗ ਗਈਆਂ। ਦੀਪੂ ਰੋਣ ਲੱਗਾ ਤਾਂ ਦੂਸਰੇ ਬੱਚੇ ਦੌੜ ਗਏ। ਉਸਦਾ ਭਰਾ ਉਸਨੂੰ ਚੁੱਕ ਕੇ ਘਰ ਲੈ ਆਇਆ। ਉਸਦੇ ਮਾਤਾ ਜੀ ਨੇ ਸੱਟ ਵਾਲੀ ਥਾਂ ਉੱਤੇ ਮਲ੍ਹਮ ਲਗਾਈ। ਦੀਪੂ ਦੀ ਪੀੜ ਘੱਟ ਹੋ ਗਈ। ਉਸਦੇ ਪਿਤਾ ਜੀ ਨੇ ਕਿਹਾ ਕਿ ਉਹ ਆਪਣੇ ਤੋਂ ਵੱਡੇ ਬੱਚਿਆਂ ਨਾਲ਼ ਨਾ ਖੇਡਿਆ ਕਰੇ।

## ਜਦੋਂ ਸ਼ਰਨ ਚੰਗਾ ਮੁੰਡਾ ਬਣਦਾ ਹੈ

ਸ਼ਰਨ ਦੇ ਮਾਤਾ ਜੀ ਘਰ ਨੂੰ ਬਹੁਤ ਸਾਫ਼ ਰੱਖਦੇ ਹਨ। ਉਸਦੀ ਵੱਡੀ ਭੈਣ ਵੀ ਹਰ ਚੀਜ਼ ਨੂੰ ਵਰਤਣ ਤੋਂ ਬਾਅਦ ਉਸਦੇ ਸਹੀ ਟਿਕਾਣੇ 'ਤੇ ਰੱਖ ਦਿੰਦੀ ਹੈ। ਪਰ ਸ਼ਰਨ ਘਰ ਵਿੱਚ ਬਹੁਤ ਖਿਲਾਰਾ ਪਾ ਦਿੰਦਾ। ਉਹ ਸਕੂਲੋਂ ਆ ਕੇ ਆਪਣੇ ਕੱਪੜੇ ਮੰਜੇ ਉਤੇ ਸੁੱਟ ਦਿੰਦਾ ਅਤੇ ਬੂਟ ਵਿਹੜੇ ਵਿਚ ਲਾਹ ਦਿੰਦਾ।

ਘਰ ਲਈ ਦਿੱਤੇ ਕੰਮ ਨੂੰ ਕਰਨ ਸਮੇਂ ਆਪਣੀਆਂ ਕਾਪੀਆਂ ਏਧਰ-ਓਧਰ ਰੱਖ ਦਿੰਦਾ। ਸਕੂਲ ਜਾਣ ਸਮੇਂ ਉਸਦੀਆਂ ਚੀਜ਼ਾਂ ਨਾ ਲੱਭਦੀਆਂ ਅਤੇ ਉਸ ਨੂੰ ਝਿੜਕਾਂ ਪੈਂਦੀਆਂ ਜਦ ਕਿ ਉਸ ਦੀ ਭੈਣ ਦੀ ਸਭ ਪ੍ਰਸ਼ੰਸਾ ਕਰਦੇ। ਸ਼ਰਨ ਇਸ ਨਾਲ਼ ਬਹੁਤ ਖਿੱਝਦਾ ਅਤੇ ਉਦਾਸ ਹੋ ਜਾਂਦਾ। ਮਾਤਾ ਜੀ ਨੇ ਉਸ ਨੂੰ ਸਮਝਾਇਆ ਕਿ ਉਹ ਵੀ ਆਪਣੀਆਂ ਚੀਜ਼ਾਂ ਟਿਕਾਣੇ ਉੱਤੇ ਰੱਖਿਆ ਕਰੇ। ਹੁਣ ਸ਼ਰਨ ਨੇ ਵੀ ਆਪਣੀਆਂ ਚੀਜ਼ਾਂ ਨੂੰ ਟਿਕਾਣੇ ਰੱਖਣ ਦਾ ਵਾਅਦਾ ਕੀਤਾ।

ਉਹ ਹੋਰ ਵੀ ਚੰਗੀਆਂ ਗੱਲਾਂ ਸਿੱਖ ਰਿਹਾ ਹੈ। ਸ਼ਰਨ ਨੇ ਦੇਖਿਆ ਕਿ ਜਦ ਉਸਦੇ ਪਿਤਾ ਬਾਹਰੋਂ ਆਉਂਦੇ ਹਨ ਤਾਂ ਉਹ ਉਸ ਦੇ ਦਾਦੀ ਜੀ ਦੇ ਪੈਰੀਂ ਹੱਥ ਲਾਉਂਦੇ ਹਨ। ਸ਼ਰਨ ਵੀ ਆਪਣੇ ਮਾਤਾ-ਪਿਤਾ ਅਤੇ ਦਾਦੀ ਜੀ ਦੇ ਪੈਰੀਂ ਹੱਥ ਲਾ ਕੇ ਪ੍ਰਣਾਮ ਕਰਨ ਲਗ ਪਿਆ। ਜਿਸ ਕਰਕੇ ਸਾਰੇ ਉਸ ਨੂੰ ਬਹੁਤ ਪਿਆਰ ਕਰਦੇ ਹਨ।

ਸ਼ਰਨ ਦੀ ਭੈਣ ਬਹੁਤ ਸੋਹਣਾ ਗਾਉਂਦੀ ਹੈ। ਉਸਦੇ ਮਾਤਾ ਜੀ ਉਸ ਨੂੰ ਹਾਰਮੋਨੀਅਮ ਵਜਾਉਣਾ ਸਿਖਾਉਂਦੇ ਹਨ। ਸਕੂਲ ਦੇ ਸਲਾਨਾ ਪ੍ਰੋਗਰਾਮ ਵਿੱਚ ਜਦ ਉਸ ਨੇ ਦੇਸ਼ ਭਗਤੀ ਦਾ ਗੀਤ ਸੁਣਾਇਆ ਤਾਂ ਬਹੁਤ ਤਾੜੀਆਂ ਵੱਜੀਆਂ। ਉਸ ਨੂੰ ਪ੍ਰਿੰਸੀਪਲ ਸਾਹਿਬ ਪਾਸੋਂ ਇਨਾਮ ਵੀ ਮਿਲਿਆ।

**ਅਧਿਆਪਕ ਲਈ—** ਅਧਿਆਪਕ ਬੱਚਿਆਂ ਨੂੰ ਦੱਸੇ ਕਿ ਪਰਿਵਾਰ ਵਿੱਚ ਬੱਚਿਆਂ ਨੂੰ ਚੀਜ਼ਾਂ ਜਿਵੇਂ ਰੋਟੀ, ਕੱਪੜੇ, ਕਿਤਾਬਾਂ, ਖਿਡੌਣੇ ਆਦਿ ਮਿਲਦੇ ਹਨ।

ਇਨ੍ਹਾਂ ਚੀਜ਼ਾਂ ਤੋਂ ਇਲਾਵਾ ਮੋਹ, ਪਿਆਰ, ਸਿੱਖਿਆ, ਕਦਰਾਂ-ਕੀਮਤਾਂ ਅਤੇ ਚੰਗੀਆਂ ਆਦਤਾਂ ਵੀ ਪਰਿਵਾਰ ਵਿੱਚ ਹੀ ਮਿਲਦੀਆਂ ਹਨ।

ਪਿਆਰੇ ਬੱਚਿਓ, ਤੁਹਾਡੇ ਪਰਿਵਾਰ ਵਿੱਚ ਕੌਣ ਕਿਸ ਨਾਲ਼ ਮਿਲਦਾ ਜੁਲਦਾ ਹੈ ?


ਪਰਿਵਾਰ ਵਿੱਚ ਅਕਸਰ ਪਰਿਵਾਰਕ ਮੈਂਬਰਾਂ ਦਾ ਚਿਹਰਾ, ਕੱਦ ਜਾਂ ਨੈਣ-ਨਕਸ਼ ਆਦਿ ਪਰਿਵਾਰ ਦੇ ਬਾਕੀ ਮੈਂਬਰਾਂ ਵਿੱਚੋਂ ਕਿਸੇ ਨਾ ਕਿਸੇ ਨਾਲ ਮੇਲ ਖਾ ਜਾਂਦੇ ਹਨ।

**ਪ੍ਰਸ਼ਨ 2. ਤੁਹਾਡਾ ਚਿਹਰਾ ਪਰਿਵਾਰ ਦੇ ਕਿਸ ਮੈਂਬਰ ਨਾਲ਼ ਮਿਲਦਾ-ਜੁਲਦਾ ਹੈ ?**

..........................................................................................

## ਮੇਰਾ ਪਰਿਵਾਰਕ ਢਾਂਚਾ

ਹੇਠ ਦਿੱਤੇ ਅਨੁਸਾਰ ਆਪਣਾ ਪਰਿਵਾਰਕ ਢਾਂਚਾ ਬਣਾਉਣ ਦੀ ਕੋਸ਼ਿਸ਼ ਕਰੋ। ਇਸ ਵਿੱਚ ਤੁਸੀਂ ਆਪਣੇ ਵੱਡਿਆਂ ਦੀ ਮਦਦ ਲੈ ਸਕਦੇ ਹੋ।






## ਯਾਦ ਰੱਖਣ ਯੋਗ ਗੱਲਾਂ

- ਪਰਿਵਾਰ ਦੋ ਤਰ੍ਹਾਂ ਦਾ ਹੁੰਦਾ ਹੈ- 1. ਛੋਟਾ ਪਰਿਵਾਰ 2. ਵੱਡਾ ਪਰਿਵਾਰ
- ਕੀਟਾਣੂ ਸਾਨੂੰ ਬਿਮਾਰ ਕਰ ਦਿੰਦੇ ਹਨ।
- ਸਾਨੂੰ ਵਸਤੂਆਂ ਨੂੰ ਵਰਤਣ ਤੋਂ ਬਾਅਦ ਟਿਕਾਣੇ 'ਤੇ ਰੱਖਣਾ ਚਾਹੀਦਾ ਹੈ।
- ਹਰ ਬੱਚੇ ਨੂੰ ਸਕੂਲ ਪੜ੍ਹਨ ਜ਼ਰੂਰ ਜਾਣਾ ਚਾਹੀਦਾ ਹੈ।
- ਸਾਨੂੰ ਹੱਥ ਧੋ ਕੇ ਭੋਜਨ ਕਰਨਾ ਚਾਹੀਦਾ ਹੈ।

3. **ਖ਼ਾਲੀ ਥਾਂਵਾਂ ਭਰੋ—**



(ਵੱਧ, ਟਿਕਾਣੇ, ਕੀਟਾਣੂ, ਨਾਨਾ-ਨਾਨੀ, ਛੋਟਾ)

(ੳ) ਗੰਦੇ ਹੱਥਾਂ ਵਿੱਚ ........................ ਹੁੰਦੇ ਹਨ।

(ਅ) ਬੱਚੇ ਦੇ ਜਨਮ ਤੋਂ ਬਾਅਦ ਪਰਿਵਾਰ ਦੇ ਜੀਆਂ ਦੀ ਗਿਣਤੀ........................ ਜਾਂਦੀ ਹੈ।

(ੲ) ਚੀਜ਼ਾਂ ਨੂੰ ਵਰਤਣ ਤੋਂ ਬਾਅਦ ਦੁਬਾਰਾ ਉਹਨਾਂ ਦੇ ........................'ਤੇ ਰੱਖਣਾ ਚਾਹੀਦਾ ਹੈ।

(ਸ) ਕਿਰਨ ਦਾ ਪਰਿਵਾਰ ........................ ਹੈ।

(ਹ) ਤੁਹਾਡੇ ਮਾਤਾ ਜੀ ਤੁਹਾਡੇ ........................ ਦੀ ਬੇਟੀ ਹਨ।

4. **ਸਮਝੋ ਅਤੇ ਮਿਲਾਉ—**

| | |
|---|---|
| ਮਾਤਾ | ਫੁੱਫੜ |
| ਮਾਮਾ | ਮਾਸੜ |
| ਭੂਆ | ਪਿਤਾ |
| ਤਾਇਆ | ਮਾਮੀ |
| ਮਾਸੀ | ਤਾਈ |

5. **ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਾਉ—**

(ੳ) ਤੁਹਾਡੇ ਦਾਦਾ ਜੀ ਦੇ ਪਿਤਾ ਜੀ ਤੁਹਾਡੇ ਕੀ ਲਗਦੇ ਹਨ ?

ਚਾਚਾ ਜੀ ☐ ਪੜਦਾਦਾ ਜੀ ☐ ਨਾਨਾ ਜੀ ☐

(ਅ) ਤੁਹਾਡੀ ਦਾਦੀ ਤੁਹਾਡੀ ਮਾਤਾ ਦੀ ਕੀ ਲਗਦੀ ਹੈ ?

ਭੂਆ ☐ ਮਾਸੀ ☐ ਸੱਸ ☐

(ੲ) ਤੁਹਾਡੇ ਪਿਤਾ ਜੀ ਦੀ ਭੈਣ ਤੁਹਾਡੀ ਕੀ ਲਗਦੀ ਹੈ ?

ਮਾਸੀ ☐ ਭੂਆ ☐ ਭੈਣ ☐

(ਸ) ਤੁਹਾਡੀ ਮਾਤਾ ਦੀ ਭੈਣ ਤੁਹਾਡੀ ਕੀ ਲਗਦੀ ਹੈ ?

ਭੂਆ ☐ ਮਾਸੀ ☐ ਚਾਚੀ ☐

*****



ਪਾਠ-2

# ਦਾਦਾ ਜੀ ਜਦੋਂ ਜਵਾਨ ਸਨ



ਰਾਜੂ ਦੇ ਘਰ ਇੱਕ ਪੁਰਾਣੀ ਤਸਵੀਰ ਲੱਗੀ ਹੋਈ ਸੀ। ਇੱਕ ਦਿਨ ਰਾਜੂ ਨੇ ਆਪਣੇ ਪਿਤਾ ਜੀ ਨੂੰ ਪੁੱਛਿਆ, "ਇਹ ਕਿਸਦੀ ਤਸਵੀਰ ਹੈ?"

**ਪਿਤਾ ਜੀ** — ਇਹ ਮੇਰੇ ਪਿਤਾ ਜੀ ਦੀ ਤਸਵੀਰ ਹੈ।

**ਰਾਜੂ** — (ਹੈਰਾਨ ਹੋ ਕੇ)। ਤੁਹਾਡੇ ਪਿਤਾ ਜੀ, ਯਾਨੀ ਮੇਰੇ ਦਾਦਾ ਜੀ!

**ਪਿਤਾ** — ਹਾਂ, ਬੇਟੇ।



**ਰਾਜੂ** — ਪਰ ਦਾਦਾ ਜੀ ਤਾਂ ਬਹੁਤ ਕਮਜ਼ੋਰ ਹਨ, ਉਹ ਤਾਂ ਤੁਰਦੇ ਵੀ ਸੋਟੀ ਨਾਲ਼ ਹਨ। ਇਹ ਤਾਂ ਬਹੁਤ ਤਕੜਾ ਆਦਮੀ ਜਾਪਦਾ ਹੈ।

**ਪਿਤਾ** — ਬੇਟੇ, ਉਹ ਆਪਣੀ ਜਵਾਨੀ ਸਮੇਂ ਬਹੁਤ ਤਕੜੇ ਸਨ। ਹੁਣ ਉਹ ਬੁੱਢੇ ਹੋ ਗਏ ਹਨ।

**ਰਾਜੂ** — ਤੁਸੀਂ ਵੀ ਬੁੱਢੇ ਹੋ ਜਾਵੋਂਗੇ ?

**ਪਿਤਾ** — ਹਾਂ ਬੇਟੇ, ਮੈਂ ਹੀ ਨਹੀਂ, ਤੇਰੀ ਮਾਤਾ ਵੀ ਸਮੇਂ ਨਾਲ਼ ਬੁੱਢੀ ਹੋ ਜਾਵੇਗੀ, ਪਰ ਤਦ ਤੱਕ ਤੂੰ ਜਵਾਨ ਹੋ ਜਾਵੇਂਗਾ।

ਰਾਜੂ ਦਾ ਆਪਣੇ ਦਾਦਾ ਜੀ ਨਾਲ਼ ਬਹੁਤ ਪਿਆਰ ਹੈ। ਘਰ ਵਿੱਚ ਅਖ਼ਬਾਰ ਆਉਂਦਾ ਹੈ। ਦਾਦਾ ਜੀ ਦੀ ਨਿਗ੍ਹਾ ਕਮਜ਼ੋਰ ਹੋਣ ਕਰਕੇ ਉਹ ਅਖ਼ਬਾਰ ਨਹੀਂ ਪੜ੍ਹ ਸਕਦੇ, ਇਸ ਲਈ ਰਾਜੂ ਉਹਨਾਂ ਨੂੰ ਅਖ਼ਬਾਰ ਪੜ੍ਹ ਕੇ ਸੁਣਾਉਂਦਾ ਹੈ। ਜਦੋਂ ਦਾਦਾ ਜੀ ਨੂੰ ਪਿਆਸ ਲਗਦੀ ਹੈ ਤਾਂ ਰਾਜੂ ਉਨ੍ਹਾਂ ਲਈ ਪਾਣੀ ਲੈ ਕੇ ਆਉਂਦਾ ਹੈ। ਦਾਦਾ ਜੀ ਵੀ ਰਾਜੂ ਨੂੰ ਬਹੁਤ ਪਿਆਰ ਕਰਦੇ ਹਨ।

ਰਾਜੂ ਨੇ ਆਪਣੇ ਦਾਦਾ ਜੀ ਨੂੰ ਕਿਹਾ ਕਿ ਉਸਨੂੰ ਬਹੁਤ ਦੁੱਖ ਹੈ ਕਿ ਉਹ ਹੁਣ ਇੰਨੇ

ਕਮਜ਼ੋਰ ਹੋ ਗਏ ਹਨ ਅਤੇ ਉਨ੍ਹਾਂ ਨੂੰ ਦਿਸਣ ਵੀ ਘੱਟ ਲੱਗ ਪਿਆ ਹੈ। ਦਾਦਾ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦਾ ਫ਼ਿਕਰ ਨਹੀਂ ਕਿਉਂਕਿ ਰਾਜੂ ਦੇ ਮਾਤਾ-ਪਿਤਾ ਉਨ੍ਹਾਂ ਦੀ ਬਹੁਤ ਵਧੀਆ ਦੇਖਭਾਲ ਕਰਦੇ ਹਨ।

**ਪ੍ਰਸ਼ਨ 1. ਤੁਸੀਂ ਆਪਣੇ ਪਰਿਵਾਰ ਦੇ ਬਜ਼ੁਰਗਾਂ ਲਈ ਕੀ ਕਰਦੇ ਹੋ ?**

..........................................................................................

..........................................................................................

**ਪ੍ਰਸ਼ਨ 2. ਪਰਿਵਾਰ ਦੇ ਬਜ਼ੁਰਗ ਤੁਹਾਡੇ ਲਈ ਕੀ ਕਰਦੇ ਹਨ ?**

..........................................................................................

..........................................................................................

**ਪ੍ਰਸ਼ਨ 3. ਬਜ਼ੁਰਗਾਂ ਨੂੰ ਸਾਡੀ ਮਦਦ ਦੀ ਲੋੜ ਕਿਉਂ ਪੈਂਦੀ ਹੈ ?**

..........................................................................................

..........................................................................................

## ਕੁੱਝ ਲੋਕ ਨਜ਼ਰ ਤੋਂ ਬਿਨਾਂ ਵੀ ਪੜ੍ਹ ਲੈਂਦੇ ਹਨ।

ਛੁੱਟੀਆਂ ਵਿੱਚ ਇੱਕ ਦਿਨ ਸੋਨੂੰ ਅਤੇ ਉਸਦੇ ਦੋਸਤ ਬੜਾ ਰੌਲ਼ਾ ਪਾ ਰਹੇ ਸਨ। ਉਸਦੇ ਚਾਚੇ ਨੇ ਆ ਕੇ ਪੁੱਛਿਆ ਕਿ ਤੁਸੀਂ ਕਿਸ ਗੱਲ 'ਤੇ ਇੰਨਾ ਸ਼ੋਰ ਕਰ ਰਹੇ ਹੋ ?

ਸੋਨੂੰ — ਚਾਚਾ ਜੀ, ਅੱਜ ਮਨੋਜ ਬੜੀ ਗੱਪ ਮਾਰੀ ਜਾਂਦਾ ਹੈ।

ਚਾਚਾ — ਕੀ ਗੱਪ ਮਾਰ ਰਿਹਾ ਹੈ ?

ਸੋਨੂੰ — ਇਹ ਕਹਿੰਦਾ ਹੈ ਕਿ ਇੱਕ ਮੁੰਡੇ ਨੂੰ ਅੱਖਾਂ ਤੋਂ ਬਿਲਕੁਲ ਨਹੀਂ ਦਿਸਦਾ। ਉਹ ਫਿਰ ਵੀ ਕਿਤਾਬਾਂ ਪੜ੍ਹ ਲੈਂਦਾ ਹੈ। ਇੰਵ ਕਿਵੇਂ ਹੋ ਸਕਦਾ ਹੈ ?

ਸੋਨੂੰ ਦਾ ਦੋਸਤ — ਚਾਚਾ ਜੀ, ਅਸੀਂ ਇਸਨੂੰ ਕਿਹਾ ਹੈ ਕਿ ਅਸੀਂ ਇਸ ਦੀਆਂ ਅੱਖਾਂ ਉਤੇ ਪੱਟੀ ਬੰਨ੍ਹ ਦਿੰਦੇ ਹਾਂ, ਫਿਰ ਇਹ ਪੜ੍ਹ ਕੇ ਵਿਖਾਵੇ।

ਚਾਚਾ — ਹਾਂ ਬਈ ਮਨੋਜ, ਕੌਣ ਪੜ੍ਹਦਾ ਹੈ ਇੰਞ ? ਤੈਨੂੰ ਕਿਸ ਨੇ ਦੱਸਿਆ ਹੈ ?

ਮਨੋਜ — ਜੀ ਮੈਂ ਛੁੱਟੀਆਂ ਵਿੱਚ ਆਪਣੀ ਭੂਆ ਕੋਲ ਗਿਆ ਸੀ। ਉਨ੍ਹਾਂ ਦੇ ਗੁਆਂਢ ਵਿੱਚ ਇੱਕ ਲੜਕਾ ਸੀ। ਉਸਨੂੰ ਦਿਸਦਾ ਨਹੀਂ ਸੀ ਪਰ ਉਹ ਕਿਤਾਬ ਪੜ੍ਹ ਲੈਂਦਾ ਸੀ।

ਚਾਚਾ — ਕੀ ਉਸਦੀਆਂ ਕਿਤਾਬਾਂ ਤੁਹਾਡੀਆਂ ਕਿਤਾਬਾਂ ਵਰਗੀਆਂ ਸਨ ?

ਮਨੋਜ — ਨਹੀਂ ਜੀ, ਉਸ ਦੀਆਂ ਕਿਤਾਬਾਂ ਬਹੁਤ ਵੱਡੇ ਆਕਾਰ ਦੀਆਂ ਸਨ। ਉਹਨਾਂ ਦੇ ਪੰਨਿਆਂ ਉੱਤੇ ਬਿੰਦੀਆਂ ਜਿਹੀਆਂ ਉੱਭਰੀਆਂ ਹੋਈਆਂ ਸਨ।

**ਚਾਚਾ** — ਹਾਂ ਬੱਚਿਓ! ਮਨੋਜ ਠੀਕ ਕਹਿ ਰਿਹਾ ਹੈ। ਜੋ ਵਿਅਕਤੀ ਵੇਖ ਨਹੀਂ ਸਕਦੇ ਉਹ ਵੀ ਪੜ੍ਹ ਸਕਦੇ ਹਨ ਪਰ ਉਨ੍ਹਾਂ ਦੇ ਪੜ੍ਹਨ ਲਈ ਵਿਸ਼ੇਸ਼ ਪੁਸਤਕਾਂ ਹੁੰਦੀਆਂ ਹਨ।

**ਬੱਚੇ** — ਇਹਨਾਂ ਪੁਸਤਕਾਂ ਦੇ ਅੱਖਰ ਉਨ੍ਹਾਂ ਨੂੰ ਕਿਵੇਂ ਦਿਖ ਜਾਂਦੇ ਹਨ ?

**ਚਾਚਾ** — ਉਨ੍ਹਾਂ ਨੂੰ ਅੱਖਰ ਦਿਸਦੇ ਨਹੀਂ ਬਲਕਿ ਉਹ ਉੱਭਰੇ ਹੋਏ ਅੱਖਰਾਂ ਨੂੰ ਉਂਗਲਾਂ ਦੇ ਪੋਟਿਆਂ ਨਾਲ਼ ਛੂਹ ਕੇ ਮਹਿਸੂਸ ਕਰਦੇ ਹਨ।


**ਕਿਰਿਆ-1 :** ਇੱਕ ਬੱਚੇ ਦੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਦਿਓ। ਵੱਖ-ਵੱਖ ਬੱਚੇ ਉਸ ਕੋਲ ਜਾਣ ਅਤੇ ਉਹ ਛੂਹ ਕੇ ਉਨ੍ਹਾਂ ਨੂੰ ਪਛਾਣਨ ਦੀ ਕੋਸ਼ਿਸ਼ ਕਰੇ। ਉਹ ਬਹੁਤ ਸਾਰੇ ਬੱਚਿਆਂ ਨੂੰ ਪਛਾਣ ਲਵੇਗਾ। ਅਜਿਹਾ ਕਰਦੇ ਸਮੇਂ ਕੁਝ ਬੱਚਿਆਂ ਦਾ ਹਾਸਾ ਨਿਕਲ ਜਾਵੇਗਾ ਜਾਂ ਉਹ ਕੁਝ ਬੋਲ ਪੈਣਗੇ, ਉਹ ਜਲਦੀ ਪਛਾਣੇ ਜਾਣਗੇ।

ਇਸ ਤੋਂ ਇਹ ਤੱਥ ਸਾਹਮਣੇ ਆਵੇਗਾ ਕਿ ਜਿਸ ਵਸਤੂ ਨੂੰ ਅਸੀਂ ਦੇਖ ਨਹੀਂ ਸਕਦੇ ਉਸ ਨੂੰ ਅਸੀਂ ਛੋਹ ਕੇ ਜਾਂ ਉਸਦੀ ਆਵਾਜ਼ ਤੋਂ ਪਛਾਣ ਸਕਦੇ ਹਾਂ।

## ਆਓ ਬਰੇਲ-ਲਿਪੀ ਬਾਰੇ ਜਾਣੀਏ

ਬੱਚਿਓ ! ਲੂਈ ਬਰੇਲ ਨਾਂ ਦਾ ਇੱਕ ਲੜਕਾ ਸੀ। ਉਸ ਦੀ ਅੱਖ ਵਿੱਚ ਕੋਈ ਤਿੱਖੀ ਚੀਜ਼ ਵੱਜ ਗਈ। ਜਿਸ ਨਾਲ਼ ਉਸਦੀਆਂ ਅੱਖਾਂ ਦੀ ਨਿਗ੍ਹਾ ਖ਼ਤਮ ਹੋ ਗਈ ਪਰ ਉਸਨੂੰ ਪੜ੍ਹਨ ਦਾ ਬੜਾ ਸ਼ੌਕ ਸੀ। ਉਸਨੇ ਸੋਚਿਆ ਕਿ ਜਦ ਉਹ ਹੋਰ ਵਸਤਾਂ ਛੋਹ ਕੇ ਪਛਾਣ ਸਕਦਾ ਹੈ ਤਾਂ ਅੱਖਰਾਂ ਨੂੰ ਕਿਉਂ ਨਹੀਂ ? ਸੋ ਉਸਨੇ ਮੋਟੇ ਕਾਗਜ਼ ਉੱਤੇ ਸੂਆ **ਖੁਭੋ-ਖੁਭੋ** ਕੇ ਹਰ ਅੱਖਰ ਲਈ ਵੱਖ-ਵੱਖ ਆਕ੍ਰਿਤੀਆਂ ਬਣਾਈਆਂ।

ਇਨ੍ਹਾਂ ਉੱਭਰੀਆਂ ਹੋਈਆਂ ਬਿੰਦੀਆਂ ਉੱਪਰ ਉਂਗਲਾਂ ਦੇ ਪੋਟੇ ਫੇਰ ਕੇ ਉਹਨਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਥੋੜ੍ਹੇ ਜਿਹੇ ਅਭਿਆਸ ਨਾਲ਼ ਅੱਖਰਾਂ ਦੀ ਪਛਾਣ ਆਉਣ ਲੱਗ ਜਾਂਦੀ ਹੈ ਅਤੇ ਇਹਨਾਂ ਕਿਤਾਬਾਂ ਨੂੰ ਪੜ੍ਹਿਆ ਜਾ ਸਕਦਾ ਹੈ। ਇਸ ਤਰ੍ਹਾਂ ਛੂਹ ਕੇ ਪੜ੍ਹੀ ਜਾਣ ਵਾਲੀ ਲਿਪੀ ਨੂੰ 'ਬਰੇਲ-ਲਿਪੀ' ਕਿਹਾ ਜਾਂਦਾ ਹੈ।




ਬਰੇਲ ਲਿੱਪੀ



ਬਰੇਲ-ਲਿਪੀ ਨੂੰ ਪੜ੍ਹਦੇ ਹੋਏ

**ਪ੍ਰਸ਼ਨ 4. ਛੂਹ ਕੇ ਪੜ੍ਹੀ ਜਾਣ ਵਾਲੀ ਲਿਪੀ ਨੂੰ ਕੀ ਕਹਿੰਦੇ ਹਨ ?**

..............................................................................

**ਪ੍ਰਸ਼ਨ 5. ਬਰੇਲ-ਲਿਪੀ ਕਿਸ ਨੇ ਤਿਆਰ ਕੀਤੀ ?**

..............................................................................

## ਰਾਜੂ ਜਗਜੀਤ ਦਾ ਦੋਸਤ ਬਣਿਆ

ਗਰਮੀਆਂ ਦੀਆਂ ਛੁੱਟੀਆਂ ਵਿੱਚ ਰਾਜੂ ਦੇ ਤਾਇਆ ਜੀ ਦਾ ਪਰਿਵਾਰ ਉਨ੍ਹਾਂ ਕੋਲ਼ ਆਇਆ। ਰਾਜੂ ਦੇ ਤਾਏ ਦੇ ਲੜਕੇ ਜਗਜੀਤ ਨੂੰ ਸੁਣਾਈ ਨਹੀਂ ਦਿੰਦਾ। ਬਚਪਨ ਵਿੱਚ ਉਹ ਬਹੁਤ ਬਿਮਾਰ ਹੋ ਗਿਆ ਸੀ ਜਿਸ ਕਾਰਨ ਉਸਨੂੰ ਸੁਣਨਾ ਬੰਦ ਹੋ ਗਿਆ। ਉਨ੍ਹਾਂ ਦਾ ਸਾਰਾ ਪਰਿਵਾਰ ਉਸ ਨਾਲ਼ ਇਸ਼ਾਰਿਆਂ ਨਾਲ਼ ਗੱਲ ਕਰਦਾ ਹੈ। ਰਾਜੂ ਵੀ ਉਸ ਨੂੰ ਇਸ਼ਾਰਿਆਂ ਨਾਲ਼ ਆਪਣੀ ਗੱਲ ਕਹਿਣੀ ਸਿੱਖ ਗਿਆ, ਜਿਸ ਸਦਕਾ ਰਾਜੂ ਦੀ ਜਗਜੀਤ ਨਾਲ਼ ਬਹੁਤ ਦੋਸਤੀ ਪੈ ਗਈ।

ਰਾਜੂ ਨੂੰ ਪਤਾ ਲੱਗਿਆ ਕਿ ਜਗਜੀਤ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹੈ। ਉਹ ਬੜਾ ਹੈਰਾਨ ਹੋਇਆ? ਉਸਨੇ ਆਪਣੇ ਤਾਇਆ ਜੀ ਨੂੰ ਪੁੱਛਿਆ ਕਿ ਜਗਜੀਤ ਨੂੰ ਸੁਣਦਾ ਨਹੀਂ ਫਿਰ ਉਹ ਆਪਣੇ ਅਧਿਆਪਕ ਦੀਆਂ ਗੱਲਾਂ ਕਿਸ ਤਰ੍ਹਾਂ ਸਮਝਦਾ ਹੈ ? ਤਾਇਆ ਜੀ ਨੇ ਦੱਸਿਆ ਕਿ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਬੱਚਿਆਂ ਲਈ ਵਿਸ਼ੇਸ਼ ਸਕੂਲ ਹੁੰਦੇ ਹਨ। ਜਿੱਥੇ ਇਸ਼ਾਰਿਆਂ ਦੀ ਭਾਸ਼ਾ ਨਾਲ਼ ਪੜ੍ਹਾਇਆ ਜਾਂਦਾ ਹੈ।

**ਕਿਰਿਆ-2 :** ਅਸੀਂ ਆਪਣੇ ਸੁਨੇਹੇ ਹੋਰਨਾਂ ਤੱਕ, ਬੋਲੇ ਬਗੈਰ, ਇਸ਼ਾਰਿਆਂ ਰਾਹੀਂ ਪਹੁੰਚਾ ਸਕਦੇ ਹਾਂ। ਹੇਠ ਦਿੱਤੇ ਚਿੱਤਰਾਂ ਵਿੱਚ ਕੁੱਝ ਕਿਹਾ ਜਾ ਰਿਹਾ ਹੈ। ਪਹਿਚਾਣੋ ਅਤੇ ਲਿਖੋ।

**(ਅਸੀਂ ਜਿੱਤ ਗਏ, ਰੁਕ ਜਾਉ, ਚੁੱਪ ਹੋ ਜਾਉ)**







1.............................. 2.............................. 3..............................

**ਕਿਰਿਆ-3 :** ਬੱਚਿਓ, ਜੇਕਰ ਤੁਸੀਂ ਹੇਠ ਲਿਖੇ ਕੰਮ ਕਹਿਣੇ ਹੋਣ ਤਾਂ ਇਸ਼ਾਰਿਆਂ ਨਾਲ਼ ਕਿਵੇਂ ਸਮਝਾਉਗੇ?

1. ਮੈਂ ਪਾਣੀ ਪੀਣਾ ਚਾਹੁੰਦਾ ਹਾਂ।
2. ਮੈਂ ਕੁਝ ਖਾਣਾ ਚਾਹੁੰਦਾ ਹਾਂ।
3. ਚਲੇ ਜਾਓ!
4. ਖੜ੍ਹੇ ਹੋ ਜਾਓ!
5. ਇੱਧਰ ਆਓ!



## ਯਾਦ ਰੱਖਣ ਯੋਗ ਗੱਲਾਂ

- ਬੁਢਾਪੇ ਵਿੱਚ ਸਰੀਰ ਕਮਜ਼ੋਰ ਹੋ ਜਾਂਦਾ ਹੈ।
- ਬਰੇਲ ਲਿਪੀ ਨੂੰ ਹੱਥਾਂ ਨਾਲ਼ ਛੂਹ ਕੇ ਪੜ੍ਹਿਆ ਜਾਂਦਾ ਹੈ।
- ਸਾਨੂੰ ਬਜ਼ੁਰਗਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ।



6. **ਖ਼ਾਲੀ ਥਾਂਵਾਂ ਭਰੋ— :**

(ਦੇਖਭਾਲ਼, ਛੂਹ, ਪੜ੍ਹਨਾ, ਕਹਾਣੀਆਂ)

(ੳ) ਅੱਖਾਂ ਦੀ ਰੌਸ਼ਨੀ ਕਮਜ਼ੋਰ ਹੋਣ ਤੇ ........................ ਔਖਾ ਹੋ ਜਾਂਦਾ ਹੈ।

(ਅ) ਦਾਦਾ-ਦਾਦੀ ਸਾਨੂੰ ........................ ਸੁਣਾਉਂਦੇ ਹਨ ?

(ੲ) ਅਭਿਆਸ ਨਾਲ਼ ਵਸਤੂਆਂ ਨੂੰ ........................ ਕੇ ਪਹਿਚਾਣ ਸਕਦੇ ਹਾਂ।

(ਸ) ਸਾਨੂੰ ਬਜ਼ੁਰਗਾਂ ਦੀ ........................ ਕਰਨੀ ਚਾਹੀਦੀ ਹੈ।

7. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ—**

(ੳ) ਸਾਨੂੰ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ☐

(ਅ) ਜੋ ਬੱਚੇ ਬੋਲ ਜਾਂ ਸੁਣ ਨਹੀਂ ਸਕਦੇ ਉਨ੍ਹਾਂ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ☐

(ੲ) ਸਾਨੂੰ ਅੱਖਾਂ ਬੰਦ ਕਰਕੇ ਖੇਡਣਾ ਚਾਹੀਦਾ ਹੈ। ☐

(ਸ) ਨਾ ਬੋਲ ਸਕਣ ਵਾਲੇ ਲੋਕ ਇਸ਼ਾਰਿਆਂ ਦੀ ਭਾਸ਼ਾ ਵਿੱਚ ਗੱਲ ਕਰਦੇ ਹਨ। ☐

**੪. ਮਿਲਾਨ ਕਰੋ—**

| | |
|---|---|
| ਲੂਈ ਬਰੇਲ | ਸੰਕੇਤ ਭਾਸ਼ਾ |
| ਕਮਜ਼ੋਰ ਸਰੀਰ | ਬਰੇਲ ਲਿਪੀ |
| ਇਸ਼ਾਰਿਆਂ ਨਾਲ਼ ਗੱਲਬਾਤ | ਬੁਢਾਪਾ |

*****



ਪਾਠ-3

# ਸਾਡੇ ਸਹਿਯੋਗੀ ਕਿੱਤਾਕਾਰ

ਪਿਆਰੇ ਬੱਚਿਓ, ਤੁਸੀਂ ਦੇਖਿਆ ਹੋਵੇਗਾ ਕਿ ਬਹੁਤ ਸਾਰੇ ਲੋਕ ਵੱਖ-ਵੱਖ ਕੰਮ ਕਰਦੇ ਹਨ। ਇਨ੍ਹਾਂ ਕੰਮਾਂ ਨਾਲ਼ ਉਹ ਪੈਸੇ ਕਮਾ ਕੇ ਆਪਣਾ ਗੁਜ਼ਾਰਾ ਕਰਦੇ ਹਨ। ਵੱਖ-ਵੱਖ ਕੰਮ-ਕਾਰ ਕਰਨ ਵਾਲੇ ਇਹ ਕਿੱਤਾਕਾਰ ਸਾਡੇ ਸਹਿਯੋਗੀ ਹਨ। ਆਓ, ਇੱਕ ਵਿਆਹ ਦੇ ਦ੍ਰਿਸ਼ ਰਾਹੀਂ ਇਹਨਾਂ ਕਿੱਤਾਕਾਰਾਂ ਬਾਰੇ ਜਾਣੀਏ।

ਮੇਰੇ ਵੀਰ ਦਾ ਵਿਆਹ ਹੈ। ਬਰਾਤ ਚੜ੍ਹਨ ਵਿੱਚ ਤਿੰਨ ਦਿਨ ਬਾਕੀ ਹਨ। ਉਸਾਰੀ ਵਾਲੇ ਮਿਸਤਰੀ ਨੇ ਘਰ 'ਦੀ ਬਾਹਰਲੀ ਕੰਧ' ਨੂੰ ਪਲਸਤਰ ਕਰਕੇ ਬੜਾ ਸੋਹਣਾ ਬਣਾ ਦਿੱਤਾ ਹੈ। ਰੰਗ ਵਾਲੇ ਨੇ ਸਾਰੇ ਘਰ ਨੂੰ ਰੰਗ ਕਰਕੇ ਬਹੁਤ ਖ਼ੂਬਸੂਰਤ ਬਣਾ ਦਿੱਤਾ ਹੈ। ਹਲਵਾਈ ਵੀ ਪਹੁੰਚ ਗਏ ਹਨ।

ਪਾਪਾ ਜੀ ਦੱਸਦੇ ਹਨ ਕਿ ਇਹ ਆਪਣੇ ਸ਼ਹਿਰ ਦੇ ਮਸ਼ਹੂਰ ਹਲਵਾਈ ਹਨ। ਇਹ ਬਹੁਤ ਸਵਾਦ ਮਠਿਆਈਆਂ ਤਿਆਰ ਕਰਦੇ ਹਨ। ਮੇਰੇ ਪਾਪਾ ਜੀ ਕਿਸਾਨ ਹਨ। ਉਹ ਆਪਣੇ ਖੇਤ ਵਿੱਚ ਵੱਖ-ਵੱਖ ਫ਼ਸਲਾਂ ਉਗਾਉਂਦੇ ਹਨ। ਦੋਧੀ ਸਾਡੇ ਘਰ ਦੁੱਧ ਵਾਲੇ ਦੋ ਡਰੰਮ ਰੱਖ ਗਿਆ ਹੈ। ਇਹ ਦੋਧੀ ਸਵੇਰੇ ਸ਼ਾਮ ਸਾਡੇ ਪਿੰਡ ਵਿਚੋਂ ਤਾਜ਼ਾ ਦੁੱਧ ਇਕੱਠਾ ਕਰਦਾ ਹੈ।

ਮੇਰੇ ਮਾਮਾ ਜੀ ਅਤੇ ਉਨ੍ਹਾਂ ਦਾ ਪਰਿਵਾਰ ਵੀ ਪਹੁੰਚ ਗਿਆ ਹੈ। ਮੇਰੇ ਮਾਮਾ ਜੀ ਡਾਕਟਰ ਹਨ। ਮੇਰੇ ਮਾਮੀ ਜੀ ਅਧਿਆਪਕਾ ਹਨ। ਉਹ ਆਪਣੇ ਪਿੰਡ ਦੇ ਸਕੂਲ ਵਿੱਚ ਪੜ੍ਹਾਉਂਦੇ ਹਨ। ਮੇਰੇ ਭੂਆ ਅਤੇ ਫੁੱਫੜ ਜੀ ਵੀ ਪਹੁੰਚ ਗਏ ਹਨ।

ਮੇਰੇ ਫੁੱਫੜ ਜੀ ਦਰਜ਼ੀ ਹਨ। ਉਨ੍ਹਾਂ ਦਾ ਬੇਟਾ ਹਵਾਈ ਜਹਾਜ਼ ਉਡਾਉਂਦਾ ਹੈ। ਹਵਾਈ ਜਹਾਜ਼ ਉਡਾਉਣ ਵਾਲੇ ਨੂੰ ਪਾਇਲਟ ਕਹਿੰਦੇ ਹਨ। ਛੁੱਟੀ ਨਾ ਮਿਲਣ ਕਰਕੇ ਉਹ ਮੇਰੇ ਵੀਰ ਦੇ ਵਿਆਹ 'ਤੇ ਨਹੀਂ ਆ ਸਕਿਆ।

## ਬਰਾਤ ਵਾਲਾ ਦਿਨ

ਪੂਰੇ ਘਰ ਵਿੱਚ ਰੌਲਾ ਪੈ ਰਿਹਾ ਹੈ। ਬਰਾਤ ਵਿੱਚ ਜਾਣ ਵਾਲੇ ਸਾਰੇ ਰਿਸ਼ਤੇਦਾਰ ਛੇਤੀ-ਛੇਤੀ ਤਿਆਰ ਹੋ ਰਹੇ ਹਨ। ਮੇਰੇ ਵੀਰ ਦੇ ਦੋਸਤ ਸਭ ਤੋਂ ਪਹਿਲਾਂ ਤਿਆਰ ਹੋ ਗਏ ਹਨ। ਮੇਰੇ ਵੀਰ ਦੇ ਇੱਕ ਦੋਸਤ ਦੀ ਕਰਿਆਨੇ ਦੀ ਦੁਕਾਨ ਹੈ। ਇਸ ਦੁਕਾਨ ਤੋਂ ਅਸੀਂ ਸੌਦਾ ਖਰੀਦਦੇ ਹਾਂ। ਮੇਰੇ ਵੀਰ ਦਾ ਇੱਕ ਦੋਸਤ ਪੁਲਿਸ ਵਾਲਾ ਹੈ। ਮੇਰੀ ਮਾਸੀ ਅਤੇ ਮਾਸੜ ਹੁਣੇ ਹੀ ਪਹੁੰਚੇ ਹਨ। ਮੇਰੀ ਮਾਸੀ ਦੀ ਬੇਟੀ ਵੀ ਨਾਲ਼ ਆਈ ਹੈ। ਉਹ ਹਸਪਤਾਲ ਵਿੱਚ ਨਰਸ ਹੈ। ਉਹ ਉੱਥੇ ਮਰੀਜ਼ਾਂ ਦੀ ਦੇਖਭਾਲ ਕਰਦੀ ਹੈ।

ਬਰਾਤ ਦੇ ਜਾਣ ਲਈ ਗੱਡੀਆਂ ਵੀ ਆ ਗਈਆਂ ਹਨ। ਪਰ ਮੇਰੇ ਮਾਸੜ ਜੀ ਆਪਣੀ ਜੁੱਤੀ ਨੂੰ ਪਾਲਿਸ਼ ਕਰਾਉਣ ਲਈ ਸਾਡੇ ਪਿੰਡ ਦੇ ਮੋਚੀ ਕੋਲ ਗਏ ਹਨ। ਇਹ ਮੋਚੀ ਸਾਡੇ ਪਿੰਡ ਦੀ ਸੱਥ ਨੇੜੇ ਬੈਠਦਾ ਹੈ। ਸੱਥ ਵਿੱਚ ਪਿੰਡ ਦੇ ਬਜ਼ੁਰਗ ਵਿਅਕਤੀ ਬੈਠ ਕੇ ਗੱਲਾਂ ਬਾਤਾਂ ਕਰਦੇ

ਹਨ ਅਤੇ ਕੁੱਝ ਅਖ਼ਬਾਰ ਪੜ੍ਹ ਕੇ ਜਾਂ ਤਾਸ਼ ਖੇਡ ਕੇ ਆਪਣਾ ਵਿਹਲਾ ਸਮਾਂ ਬਿਤਾਉਂਦੇ ਹਨ। ਸਾਰੀ ਬਰਾਤ ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਚੱਲ ਪਈ ਹੈ। ਮੇਰੇ ਮਾਸੜ ਜੀ ਵੀ ਆ ਗਏ ਹਨ।

**ਕਿਰਿਆ-1 : ਹੇਠਾਂ ਕੁਝ ਚਿੱਤਰ ਦਿੱਤੇ ਗਏ ਹਨ। ਆਪਣੇ ਅਧਿਆਪਕ ਦੀ ਸਹਾਇਤਾ ਨਾਲ ਇਹਨਾਂ ਬਾਰੇ ਦੋ-ਦੋ ਵਾਕ ਲਿਖੋ।**



**ਮੋਚੀ**

............................................................

............................................................

............................................................

............................................................

**ਦੁਕਾਨ**

............................................................

............................................................

............................................................

............................................................






**ਸੱਥ**

............................................................

............................................................

............................................................

............................................................

ਗੁਰਦੁਆਰਾ ਸਾਹਿਬ ਵਿੱਚ ਪਾਠ ਕਰਨ ਵਾਲੇ ਗ੍ਰੰਥੀ ਨੇ ਅਰਦਾਸ ਕੀਤੀ ਅਤੇ ਸਾਰੀ ਬਰਾਤ ਮੱਥਾ ਟੇਕ ਕੇ ਤੁਰ ਪਈ। ਪਰ ਮੇਰੇ ਮਾਤਾ ਜੀ ਬਰਾਤ ਨਾਲ ਨਹੀਂ ਜਾ ਰਹੇ ਹਨ। ਉਹਨਾਂ ਨੇ ਘਰ ਵਿੱਚ ਕੰਮ-ਕਾਰ ਸੰਭਾਲਣਾ ਹੈ। ਪਹਿਲਾਂ ਵੀ ਸਾਰਾ ਘਰੇਲੂ ਕੰਮ ਮੇਰੇ ਮਾਤਾ ਜੀ ਹੀ ਸੰਭਾਲਦੇ ਹਨ। ਪਾਪਾ ਜੀ ਨੇ ਸਾਰੀਆਂ ਗੱਡੀਆਂ ਦੇ ਡਰਾਈਵਰਾਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਡਰਾਈਵਰ ਗੱਡੀ ਤੇਜ਼ ਨਹੀਂ ਚਲਾਏਗਾ।

ਬਰਾਤ ਸ਼ਹਿਰ ਦੇ ਚੌਂਕ ਵਿੱਚ ਪਹੁੰਚ ਗਈ ਹੈ। ਇੱਥੇ ਬਹੁਤ ਜ਼ਿਆਦਾ ਭੀੜ ਹੈ। ਇੱਕ

ਵਿਅਕਤੀ ਵਾਰੀ-ਸਿਰ ਗੱਡੀਆਂ ਨੂੰ ਲੰਘਾਉਣ ਲਈ ਇਸ਼ਾਰਾ ਕਰ ਰਿਹਾ ਹੈ। ਉਸ ਦੇ ਗਲ਼ ਵਿੱਚ ਸੀਟੀ ਪਾਈ ਹੋਈ ਹੈ। ਮੇਰੇ ਮਾਸੜ ਜੀ ਨੇ ਦੱਸਿਆ ਕਿ ਇਹ ਵਿਅਕਤੀ ਟਰੈਫਿਕ ਪੁਲਿਸ ਵਾਲਾ ਹੈ।

ਗੱਲਾਂ ਕਰਦੇ-ਕਰਦੇ ਬਰਾਤ ਪੈਲੇਸ ਵਿੱਚ ਪਹੁੰਚ ਗਈ। ਬਰਾਤ ਨਾਲ਼ ਆਏ ਬੈਂਡ-ਵਾਜੇ ਵਾਲਿਆਂ ਨੇ ਬੈਂਡ ਵਜਾਉਣਾ ਸ਼ੁਰੂ ਕਰ ਦਿੱਤਾ। ਬਰਾਤ ਦਾ ਖ਼ੂਬ ਸਵਾਗਤ ਕੀਤਾ ਗਿਆ। ਗੇਟ ਵਿੱਚ ਇੱਕ ਵਿਅਕਤੀ ਖੜ੍ਹਾ ਸੀ ਜਿਸਨੇ ਖਾਕੀ ਰੰਗ ਦੀ ਵਰਦੀ ਪਹਿਨੀ ਹੋਈ ਸੀ। ਮੇਰੇ ਚਾਚਾ ਜੀ ਨੇ ਦੱਸਿਆ ਕਿ ਇਹ ਵਿਅਕਤੀ ਪੈਲੇਸ ਦਾ ਚੌਕੀਦਾਰ ਹੈ। ਪੈਲੇਸ ਵਿੱਚ ਕੁੱਝ ਵਿਅਕਤੀਆਂ ਨੇ ਇੱਕੋ ਜਿਹੇ ਕੱਪੜੇ ਪਾਏ ਹੋਏ ਸਨ। ਉਹ ਸਭ ਲੋਕਾਂ ਲਈ ਖਾਣ-ਪੀਣ ਵਾਲੀਆਂ ਵਸਤੂਆਂ ਲੈ ਕੇ ਆ ਰਹੇ ਸਨ। ਮੇਰੇ ਫੁੱਫੜ ਜੀ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਨੂੰ ਬੈਰ੍ਹੇ ਕਹਿੰਦੇ ਹਨ। ਆਏ ਹੋਏ ਲੋਕਾਂ ਦਾ ਮਨੋਰੰਜਨ ਕਰਨ ਲਈ ਇੱਕ ਵਿਅਕਤੀ ਪੈਲੇਸ ਦੀ ਸਟੇਜ ਉੱਪਰ ਗੀਤ ਗਾ ਰਿਹਾ ਸੀ। ਉਸਨੂੰ ਗਾਇਕ ਕਹਿੰਦੇ ਹਨ।

**ਕਿਰਿਆ-2 : ਤੁਹਾਡੇ ਪਰਿਵਾਰ ਵਿੱਚ ਕੌਣ ਕੀ-ਕੀ ਕੰਮ ਕਰਦਾ ਹੈ ?**

| ਪਰਿਵਾਰਿਕ ਮੈਂਬਰ | ਕੀ ਕੰਮ ਕਰਦਾ ਹੈ? |
|---|---|
| ........................ | ........................ |
| ........................ | ........................ |
| ........................ | ........................ |

ਮੈਂ ਆਪਣੇ ਚਾਚਾ ਜੀ ਨਾਲ਼ ਉੱਠ ਕੇ ਪੈਲੇਸ ਦੇ ਗੇਟ ਕੋਲ ਆ ਗਿਆ। ਉੱਥੇ ਕੁੱਝ ਬੱਚੇ ਗ਼ੁਬਾਰੇ ਵੇਚ ਰਹੇ ਸਨ। ਕੁੱਝ ਬੱਚੇ ਮੇਰੇ ਚਾਚਾ ਜੀ ਤੋਂ ਪੈਸੇ ਮੰਗਣ ਲੱਗ ਪਏ। ਚਾਚਾ ਜੀ ਨੇ ਬੱਚਿਆਂ ਨੂੰ ਪੁੱਛਿਆ ਕਿ ਉਹ ਸਕੂਲ ਕਿਉਂ ਨਹੀਂ ਜਾਂਦੇ ? ਇੱਕ ਬੱਚੇ ਨੇ ਦੱਸਿਆ ਕਿ ਉਸਦਾ ਸਕੂਲ ਜਾਣ ਨੂੰ ਬਹੁਤ ਦਿਲ ਕਰਦਾ ਹੈ ਪ੍ਰੰਤੂ ਉਸਦੇ ਪਿਤਾ ਜੀ ਬਿਮਾਰ ਰਹਿੰਦੇ ਹਨ। ਘਰ ਦਾ ਗੁਜ਼ਾਰਾ ਚਲਾਉਣ ਲਈ ਉਸਨੂੰ ਵੀ ਕੰਮ ਕਰਨਾ ਪੈਂਦਾ ਹੈ। ਇੱਕ ਹੋਰ ਲੜਕੀ ਨੇ ਦੱਸਿਆ ਕਿ ਉਸਦੇ ਭਰਾ ਨੂੰ ਤਾਂ ਸਕੂਲ ਭੇਜ ਦਿੱਤਾ ਜਾਂਦਾ ਹੈ ਪਰ ਉਸਨੂੰ ਅਤੇ ਉਸਦੀ ਭੈਣ ਨੂੰ ਸਕੂਲ ਨਹੀਂ ਭੇਜਿਆ ਜਾਂਦਾ।

ਖਿਡੌਣੇ ਵੇਚਣ ਵਾਲੀ ਇੱਕ ਲੜਕੀ ਨੇ ਦੱਸਿਆ ਕਿ ਉਸਦੀ ਮਾਂ ਆਪਣੇ ਕੰਮ 'ਤੇ ਚਲੀ ਜਾਂਦੀ ਹੈ ਅਤੇ ਉਹ ਖਿਡੌਣੇ ਵੇਚਣ ਤੋਂ ਬਾਅਦ ਘਰ ਜਾ ਕੇ ਘਰ ਦਾ ਸਾਰਾ ਕੰਮ ਕਰਦੀ ਹੈ। ਮੇਰੇ ਚਾਚੇ ਦੀ ਬੇਟੀ ਵੀ ਸਾਡੇ ਕੋਲ ਪਹੁੰਚ ਗਈ। ਉਸਨੇ ਕਿਹਾ ਕਿ ਆਓ ਰੋਟੀ ਖਾ ਲਈਏ। ਮੇਰੇ ਚਾਚਾ ਜੀ ਨੇ ਇਨ੍ਹਾਂ ਬੱਚਿਆਂ ਲਈ ਵੀ ਰੋਟੀ ਮੰਗਵਾ ਦਿੱਤੀ। ਜਦੋਂ ਤਕ ਅਸੀਂ ਸਾਰਿਆਂ ਨੇ ਰੋਟੀ ਖਾਧੀ ਉਦੋਂ ਤੱਕ ਸ਼ਾਮ ਹੋ ਚੁੱਕੀ ਸੀ ਅਤੇ ਬਰਾਤ ਵਾਪਸ ਤੁਰ ਪਈ। ਅਸੀਂ ਖ਼ੁਸ਼ੀ-ਖ਼ੁਸ਼ੀ ਘਰ ਆ ਗਏ।

ਆਪਣੇ ਆਲੇ-ਦੁਆਲੇ ਦੇ ਅਜਿਹੇ ਬੱਚਿਆਂ ਦਾ ਪਤਾ ਲਗਾਓ ਜੋ ਸਕੂਲ ਨਹੀਂ ਜਾਂਦੇ ਹਨ। ਅਜਿਹੇ ਬੱਚਿਆਂ ਬਾਰੇ ਆਪਣੇ ਅਧਿਆਪਕ ਨਾਲ਼ ਚਰਚਾ ਕਰੋ।

**ਅਧਿਆਪਕ ਲਈ—** ਸਿੱਖਿਆ ਦੇ ਅਧਿਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਅਧਿਆਪਕ 'ਸਿੱਖਿਆ ਸਭ ਦਾ ਹੱਕ ਹੈ' ਵਿਸ਼ੇ ਉੱਪਰ ਸਰਲ ਭਾਸ਼ਾ ਵਿੱਚ ਵਿਦਿਆਰਥੀਆਂ ਨਾਲ਼ ਚਰਚਾ ਕਰੇ।



## ਯਾਦ ਰੱਖਣ ਯੋਗ ਗੱਲਾਂ

- ਵੱਖ-ਵੱਖ ਕੰਮ ਕਰਨ ਵਾਲੇ ਲੋਕ ਕਿੱਤਾਕਾਰ ਹਨ।
- ਕੰਮ ਕਰਕੇ ਕਿੱਤਾਕਾਰ ਪੈਸੇ ਕਮਾਉਂਦੇ ਹਨ।
- ਦੋਧੀ, ਕਿਸਾਨ, ਡਰਾਈਵਰ, ਮਿਸਤਰੀ, ਪਾਇਲਟ, ਮੋਚੀ ਆਦਿ ਕਿੱਤਾਕਾਰ ਹਨ।



ਪ੍ਰਸ਼ਨ 1. ਗ਼ੁਬਾਰੇ ਵੇਚਣ ਵਾਲਾ ਬੱਚਾ ਸਕੂਲ ਕਿਉਂ ਨਹੀਂ ਜਾ ਰਿਹਾ ?

..............................................................................

..............................................................................

ਪ੍ਰਸ਼ਨ 2. ਕੀ ਲੜਕੀਆਂ ਨੂੰ ਸਕੂਲ ਪੜ੍ਹਨ ਨਾ ਭੇਜਣਾ ਚੰਗੀ ਗੱਲ ਹੈ ?

..............................................................................

..............................................................................

ਪ੍ਰਸ਼ਨ 3. ਚੌਂਕੀਦਾਰ ਕੀ ਕੰਮ ਕਰਦਾ ਹੈ ?

..............................................................................

..............................................................................

ਪ੍ਰਸ਼ਨ 4. ਟਰੈਫਿਕ ਪੁਲਿਸ ਵਾਲਾ ਕੀ ਕੰਮ ਕਰਦਾ ਹੈ ?

..............................................................................

..............................................................................

**ਪ੍ਰਸ਼ਨ 5. ਗਾਇਕ ਦਾ ਕੀ ਕੰਮ ਹੈ ?**

..........................................................................................

..........................................................................................

**6. ਮਿਲਾਨ ਕਰੋ—**

| | | |
|---|---|---|
| (ੳ) | ਮਠਿਆਈ ਬਣਾਉਣ ਵਾਲਾ | ਦੋਧੀ |
| (ਅ) | ਦੁੱਧ ਵੇਚਣ ਵਾਲਾ | ਨਰਸ |
| (ੲ) | ਘਰ ਦੀ ਉਸਾਰੀ ਕਰਨ ਵਾਲਾ | ਕਿਸਾਨ |
| (ਸ) | ਖੇਤ ਵਿੱਚ ਫ਼ਸਲਾਂ ਉਗਾਉਣ ਵਾਲਾ | ਹਲਵਾਈ |
| (ਹ) | ਮਰੀਜ਼ਾਂ ਦੀ ਦੇਖਭਾਲ ਕਰਨ ਵਾਲੀ | ਮਿਸਤਰੀ |

**7. ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਾਉ—**

(ੳ) ਜੁੱਤੀਆਂ ਕੌਣ ਗੰਢਦਾ/ਬਣਾਉਂਦਾ ਹੈ ?

ਮੋਚੀ ☐ ਮਿਸਤਰੀ ☐ ਦਰਜ਼ੀ ☐

(ਅ) ਕੱਪੜੇ ਸਿਉਂਣ ਵਾਲੇ ਨੂੰ ਕੀ ਕਹਿੰਦੇ ਹਨ ?

ਮੋਚੀ ☐ ਦਰਜ਼ੀ ☐ ਮਿਸਤਰੀ ☐

(ੲ) ਜਹਾਜ਼ ਉਡਾਉਣ ਵਾਲੇ ਨੂੰ ਕੀ ਕਹਿੰਦੇ ਹਨ ?

ਡਰਾਈਵਰ ☐ ਦੁਕਾਨਦਾਰ ☐ ਪਾਇਲਟ ☐

**8. ਖ਼ਾਲੀ ਥਾਂਵਾਂ ਭਰੋ—**

(ਡਾਕਟਰ, ਚੌਕੀਦਾਰ, ਅਧਿਆਪਕਾ)

(ੳ) ਰਖਵਾਲੀ ਕਰਨ ਵਾਲੇ ਨੂੰ .......................... ਕਹਿੰਦੇ ਹਨ।

(ਅ) .......................... ਸਕੂਲ ਵਿੱਚ ਪੜ੍ਹਾਉਂਦੀ ਹੈ।

(ੲ) ਮਰੀਜ਼ਾਂ ਦਾ ਇਲਾਜ .......................... ਕਰਦਾ ਹੈ।

**9. ਵੱਖ-ਵੱਖ ਕਿੱਤਾਕਾਰਾਂ ਦੀਆਂ ਤਸਵੀਰਾਂ ਚਾਰਟ 'ਤੇ ਚਿਪਕਾਓ।**

*****

ਪਾਠ-4

# ਆਓ ਖੇਡੀਏ

ਖੇਡਣਾ ਸਭ ਨੂੰ ਚੰਗਾ ਲੱਗਦਾ ਹੈ। ਖੇਡਾਂ ਸਾਨੂੰ ਸਿਹਤਮੰਦ ਬਣਾਉਂਦੀਆਂ ਹਨ। ਖੇਡਾਂ ਸਾਡਾ ਮਨੋਰੰਜਨ ਵੀ ਕਰਦੀਆਂ ਹਨ। ਕੁਝ ਖੇਡਾਂ ਖੇਡਣ ਲਈ ਖੁੱਲ੍ਹੇ ਮੈਦਾਨ *(Outdoor)* ਦੀ ਜ਼ਰੂਰਤ ਹੁੰਦੀ ਹੈ ਅਤੇ ਕੁਝ ਖੇਡਾਂ ਕਮਰੇ ਅੰਦਰ *(Indoor)* ਖੇਡੀਆਂ ਜਾਂਦੀਆਂ ਹਨ। ਆਓ, ਖੇਡਾਂ ਬਾਰੇ ਹੋਰ ਜਾਣੀਏ।

ਇਹ ਬੱਚੇ ਕੀ ਕਰ ਰਹੇ ਹਨ ? ਇਹ ਖੇਡ ਰਹੇ ਹਨ। ਆਓ ਦੇਖੀਏ ਇਹ ਕੀ ਖੇਡ ਰਹੇ ਹਨ।

**ਪਹਿਚਾਣੋ ਤੇ ਚਿੱਤਰ ਹੇਠਾਂ ਲਿਖੋ।**



............................................



............................................



............................................




............................................





.............................................. ..............................................





.............................................. ..............................................

ਕੀ ਇਨ੍ਹਾਂ ਬੱਚਿਆਂ ਵਾਂਗ ਤੁਹਾਨੂੰ ਵੀ ਖੇਡਣਾ ਚੰਗਾ ਲੱਗਦਾ ਹੈ ? ਅੱਜ ਆਪਾਂ ਖੇਡਾਂਗੇ। ਪਹਿਲਾਂ ਕੁੱਝ ਗੱਲਾਂ ਖੇਡਣ ਬਾਰੇ ਕਰ ਲਈਏ।

ਕਿਰਿਆ-1 : ਹੇਠਾਂ ਕੁਝ ਖੇਡਾਂ ਦੇ ਨਾਮ ਦਿੱਤੇ ਗਏ ਹਨ। ਇਹਨਾਂ ਵਿਚੋਂ ਜਿਹੜੀਆਂ ਖੇਡਾਂ ਤੁਸੀਂ ਖੇਡੀਆਂ ਹਨ ਉਹਨਾਂ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਇਹ ਵੀ ਦੱਸੋ ਕਿ ਇਹ ਖੇਡ ਖੁਲ੍ਹੇ ਮੈਦਾਨ ਜਾਂ ਕਮਰੇ ਵਿਚ, ਕਿੱਥੇ ਖੇਡੀ ਜਾ ਸਕਦੀ ਹੈ ?

| ਖੇਡ ਦਾ ਨਾਂ | ਕਮਰਾ/ਖੁੱਲ੍ਹਾ ਮੈਦਾਨ | ਖੇਡੀ ਹੈ |
|---|---|---|
| ਸ਼ਤਰੰਜ | | |
| ਕਬੱਡੀ | | |
| ਲੁਕਣ-ਮੀਟੀ | | |
| ਕੈਰਮ-ਬੋਰਡ | | |
| ਹਾਕੀ | | |
| ਗੁੱਲੀ-ਡੰਡਾ | | |
| ਖੋ-ਖੋ | | |

ਕਿਰਿਆ-2 : ਹੁਣ ਤੁਸੀਂ ਆਪਣੀ ਮਨਪਸੰਦ ਖੇਡ ਬਾਰੇ ਹੇਠਾਂ ਲਿਖੋ—



**ਕਿਰਿਆ-3 :** ਆਪਣੇ ਘਰ ਵਿੱਚ ਵੱਡਿਆਂ ਕੋਲੋਂ ਪੁੱਛ ਕੇ ਲਿਖੋ ਕਿ ਉਹ ਆਪਣੇ ਬਚਪਨ ਵਿੱਚ ਕਿਹੜੀਆਂ-ਕਿਹੜੀਆਂ ਖੇਡਾਂ ਖੇਡਦੇ ਸਨ ?

..................................................................................................

**ਅਧਿਆਪਕ ਲਈ—**ਅਧਿਆਪਕ ਕੁਝ ਹੋਰ ਖੇਡਾਂ ਜਿਵੇਂ ਕੋਟਲਾ-ਛਪਾਕੀ, ਖੋ—ਖੋ, ਊਚ-ਨੀਚ, ਕੈਰਮ, ਕਬੱਡੀ ਆਦਿ ਜਾਂ ਹੋਰ ਸਥਾਨਕ ਖੇਡਾਂ ਬਾਰੇ ਬੱਚਿਆਂ ਨਾਲ਼ ਚਰਚਾ ਕਰੇ ਅਤੇ ਜਦੋਂ ਵੀ ਸੰਭਵ ਹੋਵੇ, ਖੇਡਣ ਵਿੱਚ ਮਦਦ ਕਰੇ।

ਅਸੀਂ ਵਿਹਲੇ ਸਮੇਂ ਵਿੱਚ ਖੇਡਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਗਤੀਵਿਧੀਆਂ ਕਰਦੇ ਹਾਂ। ਜਿਵੇਂ ਕਿਤਾਬਾਂ ਪੜ੍ਹਨਾ, ਚਿੱਤਰ ਬਣਾਉਣਾ, ਪੌਦਿਆਂ ਦੀ ਦੇਖਭਾਲ ਕਰਨਾ, ਟੀ.ਵੀ. ਦੇਖਣਾ ਆਦਿ।

**ਕਿਰਿਆ-4 : ਵਿਹਲੇ ਸਮੇਂ ਵਿੱਚ ਤੁਹਾਡੇ ਪਰਿਵਾਰ ਦੇ ਬਾਕੀ ਮੈਂਬਰ ਵੀ ਬਹੁਤ ਸਾਰੇ ਕੰਮ ਕਰਦੇ ਹੋਣਗੇ। ਆਓ ਲਿਖੀਏ ਕੌਣ ਕੀ ਕਰਦਾ ਹੈ ?**

| ਮੈਂਬਰ | ਕੰਮ |
|---|---|
| (ੳ) ...................... | ...................... |
| (ਅ) ...................... | ...................... |
| (ੲ) ...................... | ...................... |
| (ਸ) ...................... | ...................... |



## ਯਾਦ ਰੱਖਣ ਯੋਗ ਗੱਲਾਂ

- ਖੇਡਾਂ ਸਾਡੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ।
- ਕੁਝ ਖੇਡਾਂ ਕਮਰੇ ਅੰਦਰ *(Indoor)* ਖੇਡੀਆਂ ਜਾਂਦੀਆਂ ਹਨ। ਜਿਵੇਂ ਸ਼ਤਰੰਜ, ਕੈਰਮ-ਬੋਰਡ, ਗੀਟੇ ਆਦਿ।
- ਕੁਝ ਖੇਡਾਂ ਸਿਰਫ ਖੁਲ੍ਹੇ ਮੈਦਾਨ *(Outdoor)* ਵਿੱਚ ਖੇਡੀਆਂ ਜਾਂਦੀਆਂ ਹਨ। ਜਿਵੇਂ-ਖੋ-ਖੋ, ਕਬੱਡੀ, ਹਾਕੀ ਆਦਿ।
- ਕੁਝ ਖੇਡਾਂ ਖੇਡਣ ਲਈ ਖਿਡਾਰੀਆਂ ਤੋਂ ਇਲਾਵਾ ਕੁਝ ਸਮਾਨ ਦੀ ਵੀ ਜ਼ਰੂਰਤ ਹੁੰਦੀ ਹੈ। ਜਿਵੇਂ ਕ੍ਰਿਕਟ ਖੇਡਣ ਵੇਲੇ ਗੇਂਦ, ਬੈਟ, ਵਿਕਟਾਂ ਆਦਿ।



**ਪ੍ਰਸ਼ਨ 1. ਤੁਸੀਂ ਵਿਹਲੇ ਸਮੇਂ ਵਿੱਚ ਕੀ ਕਰਦੇ ਹੋ ?**

.......................................................................................

.......................................................................................

**ਪ੍ਰਸ਼ਨ 2. ਤੁਹਾਡੀ ਮਨਪਸੰਦ ਖੇਡ ਕਿਹੜੀ ਹੈ ?**

.......................................................................................

.......................................................................................

**3. ਖ਼ਾਲੀ ਥਾਂਵਾਂ ਭਰੋ—**

(ਹਾਕੀ, ਗੀਟੇ, ਸਿਹਤਮੰਦ, ਮਨੋਰੰਜਨ)

(ੳ) ਖੇਡਾਂ ਸਾਡਾ .............................. ਕਰਦੀਆਂ ਹਨ।

(ਅ) .............................. ਅਸੀਂ ਕਮਰੇ ਵਿੱਚ ਬੈਠ ਕੇ ਖੇਡ ਸਕਦੇ ਹਾਂ।

(ੲ) .............................. ਖੇਡਣ ਲਈ ਖੁਲ੍ਹੇ ਮੈਦਾਨ ਦੀ ਲੋੜ ਹੁੰਦੀ ਹੈ।

(ਸ) ਖੇਡਾਂ ਸਾਨੂੰ .............................. ਬਣਾਉਂਦੀਆਂ ਹਨ।

**4. ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।**

(ੳ) ਸਾਰੀਆਂ ਖੇਡਾਂ ਖੁਲ੍ਹੇ ਮੈਦਾਨ ਵਿੱਚ ਖੇਡੀਆਂ ਜਾਂਦੀਆਂ ਹਨ। ☐

(ਅ) ਖੇਡਣ ਨਾਲ਼ ਸਮਾਂ ਖ਼ਰਾਬ ਹੁੰਦਾ ਹੈ। ☐


(ੲ) ਖੇਡਾਂ ਦੇ ਕੁਝ ਨਿਯਮ ਹੁੰਦੇ ਹਨ। ☐


(ਸ) ਖੇਡਦੇ ਸਮੇਂ ਲੜਾਈ ਕਰਨਾ ਚੰਗੀ ਗੱਲ ਹੈ। ☐

**5. ਹੇਠਾਂ ਦਿੱਤੇ ਅਨੁਸਾਰ ਸੂਚੀ ਤਿਆਰ ਕਰੋ।**

| | ਟੀਮ ਵਿੱਚ ਖੇਡਣ ਵਾਲੀਆਂ ਖੇਡਾਂ | ਇੱਕਲੇ ਖੇਡਣ ਵਾਲੀਆਂ ਖੇਡਾਂ |
|---|---|---|
| 1. | | |
| 2. | | |
| 3. | | |
| 4. | | |
| 5. | | |

## 6. ਦਿਮਾਗੀ ਕਸਰਤ




*****



ਪਾਠ-5

# ਪੌਦੇ-ਸਾਡੇ ਮਿੱਤਰ

ਗੁਰਲੀਨ ਆਪਣੇ ਪਿਤਾ ਜੀ ਨਾਲ਼ ਸਕੂਲ ਆਈ। ਉਸਦੇ ਪਿਤਾ ਜੀ ਢੇਰ ਸਾਰੇ ਪੌਦੇ ਲੈ ਕੇ ਆਏ। ਉਨ੍ਹਾਂ ਨੇ ਦੱਸਿਆ ਕਿ ਅੱਜ ਗੁਰਲੀਨ ਦਾ ਜਨਮ ਦਿਨ ਹੈ। ਇਸ ਲਈ ਉਹ ਸਕੂਲ ਵਿੱਚ ਪੌਦੇ ਲਗਾ ਕੇ ਉਸਦਾ ਜਨਮ ਦਿਨ ਮਨਾਉਣਾ ਚਾਹੁੰਦੇ ਹਨ। ਸਭ ਨੇ ਸਕੂਲ ਦੇ ਗਰਾਉਂਡ ਵਿੱਚ ਉਹਨਾਂ ਨਾਲ਼ ਖ਼ੁਸ਼ੀ-ਖ਼ੁਸ਼ੀ ਪੌਦੇ ਲਗਵਾਏ।



ਤੀਜੀ ਕਲਾਸ ਦੇ ਕੁਲਵੰਤ ਨੂੰ ਗੁਰਲੀਨ ਵੱਲੋਂ ਲਾਇਆ ਪੌਦਾ ਬੜਾ ਸੋਹਣਾ ਲੱਗਿਆ। ਉਸਨੇ ਆਪਣੀ ਅਧਿਆਪਕਾ ਨੂੰ ਪੁੱਛ ਹੀ ਲਿਆ, "ਮੈਡਮ ਜੀ ਇਹ ਕਾਹਦਾ ਪੌਦਾ ਹੈ ?"

"ਬੇਟਾ, ਇਹ ਗ਼ੁਲਾਬ ਦਾ ਪੌਦਾ ਹੈ।" ਅਧਿਆਪਕ ਨੇ ਜਵਾਬ ਦਿੱਤਾ।

ਮੈਡਮ ਜੀ, 'ਇਹ ਕਿਹੜਾ ਪੌਦਾ ਹੈ, ਉਹ ਕਿਹੜਾ ਹੈ' ਕਈ ਵਿਦਿਆਰਥੀ ਇਕੱਠੇ ਹੀ ਬੋਲ ਪਏ।

ਅਧਿਆਪਕ ਨੇ ਹੱਸਦੇ ਹੋਏ ਕਿਹਾ, "ਚਲੋ ਆਪਾਂ ਇੱਕ ਖੇਡ ਖੇਡਦੇ ਹਾਂ, ਇਸ ਨਾਲ ਤੁਸੀਂ ਪੌਦਿਆਂ ਬਾਰੇ ਬਹੁਤ ਕੁੱਝ ਜਾਣ ਜਾਵੋਗੇ।"

ਹਰ ਬੱਚੇ ਨੂੰ ਇੱਕ ਸਲੇਟ ਅਤੇ ਚਾਕ ਦਿੱਤਾ ਗਿਆ।

ਅਧਿਆਪਕ ਨੇ ਕਿਹਾ, "ਜਦੋਂ ਮੈਂ ਤਾੜੀ ਮਾਰਾਂਗੀ ਤੁਸੀਂ ਆਪਣੇ ਮਨਪਸੰਦ ਪੌਦੇ ਨੂੰ ਛੂਹ ਕੇ ਉਸਦਾ ਨਾਮ ਲਿਖੋਗੇ।"



ਬੋਹੜ



ਨਿੰਮ



ਸ਼ਹਿਤੂਤ

**ਕਿਰਿਆ 1 :** ਉੱਪਰਲੇ ਚਿੱਤਰ ਵਿਚ ਬੱਚਿਆਂ ਨੇ ਪੌਦਿਆਂ ਦੇ ਨਾਮ ਬੁੱਝ ਲਏ ਹਨ। ਹੇਠਾਂ ਅਮਰੂਦ, ਪੇਠੇ ਦੀ ਵੇਲ, ਖਜੂਰ ਅਤੇ ਪਾਪਲਰ ਦੇ ਚਿੱਤਰ ਦਿੱਤੇ ਗਏ ਹਨ। ਸਬੰਧਤ ਚਿੱਤਰ ਦੇ ਹੇਠਾਂ ਇਨ੍ਹਾਂ ਦੇ ਨਾਂਵਾਂ ਨੂੰ ਲਿਖੋ—





............................................ ............................................



..........................................



..........................................

ਪੌਦਿਆਂ ਨੂੰ ਛੂਹ ਕੇ ਸਭ ਬੜੇ ਖ਼ੁਸ਼ ਹਨ। ਅਧਿਆਪਕ ਨੇ ਇੱਕ ਰੁੱਖ ਦੇ ਤਣੇ ਵੱਲ ਇਸ਼ਾਰਾ ਕਰਕੇ ਕਿਹਾ ਕਿ ਪੌਦਿਆਂ ਦੇ ਤਣਿਆਂ ਨੂੰ ਧਿਆਨ ਨਾਲ਼ ਦੇਖੋ ਅਤੇ ਧਾਗੇ ਦੀ ਸਹਾਇਤਾ ਨਾਲ ਤਣੇ ਨਾਪੋ। ਲੱਭੋ ਕਿ ਕਿਸ ਪੌਦੇ ਦਾ ਤਣਾ ਪਤਲਾ ਹੈ ਅਤੇ ਕਿਸ ਪੌਦੇ ਦਾ ਤਣਾ ਮੋਟਾ ਹੈ।



ਧਾਗੇ ਦੀ ਸਹਾਇਤਾ ਨਾਲ਼ ਤਣਾ ਨਾਪਦੇ ਬੱਚੇ।

ਸਾਰੇ ਪੌਦਿਆਂ ਦਾ ਰੰਗ ਅਤੇ ਸ਼ਕਲ ਇੱਕੋ ਜਿਹੀ ਨਹੀਂ ਹੁੰਦੀ। ਜਿਵੇਂ ਕਿੱਕਰ ਦਾ ਤਣਾ ਕਾਲ਼ਾ ਅਤੇ ਸਫ਼ੈਦੇ ਦਾ ਤਣਾ ਚਿੱਟਾ ਹੁੰਦਾ ਹੈ। ਬਰਮਾ ਡੇਕ ਦੇਖਣ ਨੂੰ ਖੁੱਲ੍ਹੀ ਛਤਰੀ ਵਾਂਗ ਲਗਦੀ ਹੈ। ਸਫ਼ੈਦੇ ਲੰਬੇ ਅਤੇ ਸਿੱਧੇ ਹੁੰਦੇ ਹਨ। ਕੱਦੂ ਦੀ ਵੇਲ ਧਰਤੀ ਉੱਪਰ ਫੈਲ ਜਾਂਦੀ ਹੈ। ਤੁਸੀਂ ਆਪਣੇ ਸਕੂਲ, ਘਰ, ਪਾਰਕ ਅਤੇ ਖੇਤ ਵਿੱਚ ਕਈ ਤਰ੍ਹਾਂ ਦੇ ਪੌਦੇ ਵੇਖੇ ਹੋਣਗੇ। ਉਨ੍ਹਾਂ ਦੇ ਅਧਾਰ ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ।

ਪ੍ਰਸ਼ਨ 1. ਵੱਖ-ਵੱਖ ਰੰਗ ਦੇ ਤਣਿਆਂ ਵਾਲੇ ਦੋ ਪੌਦਿਆਂ ਦੇ ਨਾਮ ਲਿਖੋ।

..............................................................................................

..............................................................................................

ਪ੍ਰਸ਼ਨ 2. ਦੋ ਅਜਿਹੇ ਪੌਦੇ ਲੱਭੋ ਜੋ ਛਤਰੀ ਵਾਂਗ ਦਿਖਦੇ ਹਨ।

..............................................................................................

..............................................................................................

ਪ੍ਰਸ਼ਨ 3. ਦੋ ਅਜਿਹੇ ਪੌਦੇ ਲੱਭੋ ਜੋ ਲੰਬੇ ਅਤੇ ਸਿੱਧੇ ਹਨ।


..............................................................................................

..............................................................................................

ਪ੍ਰਸ਼ਨ 4. ਦੋ ਅਜਿਹੇ ਪੌਦੇ ਲੱਭੋ ਜੋ ਧਰਤੀ ਉੱਪਰ ਫੈਲ ਜਾਂਦੇ ਹਨ।

..............................................................................................

..............................................................................................




ਕੀ ਤੁਸੀਂ ਜਾਣਦੇ ਹੋ ?
ਪੌਦੇ ਦੇ ਮੁਢਲੇ ਭਾਗ ਜੜ੍ਹ, ਤਣਾ, ਪੱਤੇ, ਫੁੱਲ ਅਤੇ ਫ਼ਲ਼ ਹੁੰਦੇ ਹਨ।

ਜਗਜੀਤ ਨੇ ਅਧਿਆਪਕ ਨੂੰ ਕਿਹਾ 'ਮੈਨੂੰ ਰੁੱਖਾਂ ਬਾਰੇ ਇੱਕ ਗੀਤ ਆਉਂਦਾ ਹੈ"। ਅਧਿਆਪਕ ਨੇ ਸਭ ਬੱਚੇ ਰੁੱਖਾਂ ਦੀ ਛਾਂਵੇਂ ਬਿਠਾ ਲਏ ਅਤੇ ਜਗਜੀਤ ਨੂੰ ਗੀਤ ਸੁਣਾਉਣ ਲਈ ਕਿਹਾ।

ਮੁਫ਼ਤ ਇਹ ਸਾਨੂੰ ਛਾਂ ਦਿੰਦੇ ਨੇ,
ਠੰਢੀ-ਠੰਢੀ ਹਵਾ ਦਿੰਦੇ ਨੇ,
ਆਰੀ ਤੇ ਕੁਲਹਾੜੀ ਪਿੱਛੇ ਹਟਾ ਲਈਏ,
ਰੁੱਖਾਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਅੰਬ, ਸੇਬ ਤੇ ਕੇਲਾ ਮਿੱਠਾ,
ਕਿਨੂੰ, ਸੰਤਰਾ, ਨਿੰਬੂ ਖੱਟਾ,
ਰੁੱਖਾਂ ਤੋਂ ਫਲ਼ ਮਿਲਦੇ, ਰੁੱਖ ਲਗਾ ਲਈਏ,
ਰੁੱਖਾਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਪੰਛੀਆਂ ਦਾ ਇਹ ਰੈਣ ਬਸੇਰਾ,
ਲੱਕੜੀ, ਭੋਜਨ ਦੇਣ ਬਥੇਰਾ,
ਰੁੱਖਾਂ ਵਰਗੇ ਮਿੱਤਰ ਨਾ ਗੁਆ ਬਹੀਏ।
ਪੌਦਿਆਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਮੀਂਹ ਪਵਾਉਣ 'ਚ ਮਦਦ ਦੇਂਦੇ,
ਵਿੱਚ ਦਵਾਈਆਂ ਵੀ ਇਹ ਪੈਂਦੇ,
ਗੰਦੀ ਹਵਾ ਨੂੰ ਸਾਫ਼ ਕਰਾ ਲਈਏ।
ਪੌਦਿਆਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਅੰਨ੍ਹੇਵਾਹ ਨਾਂ ਪੌਦੇ ਕੱਟੀਏ,
ਲੋੜ ਵੇਲੇ ਜੋ ਰੁੱਖ ਨੂੰ ਪੱਟੀਏ,
ਇਕ ਦੀ ਥਾਂ ਪੰਜ ਪੌਦੇ ਲਾ ਦੇਈਏ।
ਪੌਦਿਆਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਸਭ ਨੇ ਖ਼ੂਬ ਤਾੜੀਆਂ ਮਾਰੀਆਂ। ਗੀਤ ਸੁਣ ਕੇ ਬੱਚਿਆਂ ਨੂੰ ਪਤਾ ਲੱਗਾ ਕਿ ਪੌਦੇ ਸਾਨੂੰ ਕਿੰਨਾ ਕੁੱਝ ਦਿੰਦੇ ਹਨ।

**ਕਿਰਿਆ-2 :** ਹੇਠਾਂ ਕੁੱਝ ਵਸਤੂਆਂ ਦੀ ਸੂਚੀ ਦਿੱਤੀ ਗਈ ਹੈ ਉਹਨਾਂ ਵਿੱਚੋਂ ਜੋ ਵਸਤੂਆਂ ਸਾਨੂੰ ਰੁੱਖਾਂ ਜਾਂ ਪੌਦਿਆਂ ਤੋਂ ਪ੍ਰਾਪਤ ਹੁੰਦੀਆਂ ਹਨ ਉਹਨਾਂ 'ਤੇ ਚੱਕਰ ਲਗਾਓ।

| | | |
|---|---|---|
| ਛਾਂ | ਦਵਾਈਆਂ | ਫਲ਼ |
| ਕੁਲਫ਼ੀ | ਲੱਕੜੀ | ਪੈੱਨ |
| ਠੰਢੀ ਠੰਢੀ ਹਵਾ | ਰੂੰ | ਸਾਈਕਲ |
| ਪਲਾਸਟਿਕ ਦੀ ਬਾਲਟੀ | ਕੱਚਾ ਭੋਜਨ | ਹਲਦੀ |

'ਮੈਡਮ ਜੀ, ਪੌਦੇ ਮੀਂਹ ਵੀ ਪਵਾਉਂਦੇ ਹਨ ?" ਰਾਜੂ ਨੇ ਪੁੱਛਿਆ।

"ਹਾਂ ਬੇਟਾ, ਪੌਦੇ ਮੀਂਹ ਪਵਾਉਂਦੇ ਹਨ, ਹਵਾ ਨੂੰ ਸਾਫ਼ ਕਰਦੇ ਹਨ ਅਤੇ ਭੋਂ-ਖੋਰ ਤੋਂ ਬਚਾਅ ਵੀ ਕਰਦੇ ਹਨ।" ਅਧਿਆਪਕ ਨੇ ਸਮਝਾਉਣਾ ਸ਼ੁਰੂ ਕੀਤਾ।

**ਭੌਂ-ਖੋਰ ਤੋਂ ਭਾਵ ਹਵਾ ਅਤੇ ਪਾਣੀ ਨਾਲ ਧਰਤੀ ਦੀ ਉੱਪਰਲੀ ਪਰਤ ਦਾ ਖੁਰ ਜਾਣਾ ਹੈ। ਪੌਦਿਆਂ ਦੀਆਂ ਜੜ੍ਹਾਂ ਮਿੱਟੀ ਨੂੰ ਜਕੜ ਕੇ ਰੱਖਦੀਆਂ ਹਨ ਅਤੇ ਭੌਂ-ਖੋਰ ਤੋਂ ਬਚਾਉਂਦੀਆਂ ਹਨ।**

ਰਾਹੁਲ ਖੁਸ਼ੀ ਖੁਸ਼ੀ ਬੋਲਿਆ, "ਫਿਰ ਤਾਂ ਪੌਦੇ ਸਾਡੇ ਸਭ ਤੋਂ ਵਧੀਆ ਦੋਸਤ ਹਨ।" "ਕੀ ਤੁਸੀਂ ਪੌਦਿਆਂ ਨਾਲ ਦੋਸਤੀ ਕਰੋਗੇ ?" ਅਧਿਆਪਕ ਨੇ ਪੁੱਛਿਆ। "ਹਾਂ ਜੀ, ਹਾਂ ਜੀ" ਸਾਰੇ ਵਿਦਿਆਰਥੀਆਂ ਨੇ ਹੱਥ ਖੜ੍ਹੇ ਕਰਕੇ ਕਿਹਾ।

ਅਧਿਆਪਕ ਨੇ ਹਰ ਬੱਚੇ ਨੂੰ ਮਨਪਸੰਦ ਪੌਦਾ ਨਵੇਂ ਦੋਸਤ ਵਜੋਂ ਸਾਂਭ-ਸੰਭਾਲ ਕਰਨ ਲਈ ਦੇ ਦਿੱਤਾ। ਰਣਦੀਪ ਨੇ ਅਚਾਨਕ ਪੁੱਛਿਆ, "ਮੈਡਮ ਜੀ, ਕੀ ਆਪਣੇ ਸਕੂਲ ਵਿਚ ਸੇਬ ਦਾ ਪੌਦਾ ਹੈ?" "ਨਹੀਂ ਬੇਟਾ, ਸੇਬ ਦੇ ਪੌਦੇ ਬਹੁਤ ਠੰਢੇ ਇਲਾਕੇ ਵਿੱਚ ਹੁੰਦੇ ਹਨ।" ਜਿਵੇਂ ਕਸ਼ਮੀਰ ਅਤੇ ਸ਼ਿਮਲਾ।

| ਪੇੜ/ਪੌਦੇ ਦਾ ਨਾਂ | ਜਿਸ ਖੇਤਰ ਵਿੱਚ ਵੱਧ ਮਿਲਦਾ ਹੈ |
|---|---|
| ਬਦਾਮ | ਕਸ਼ਮੀਰ ਅਤੇ ਹਿਮਾਚਲ |
| ਨਾਰੀਅਲ | ਕੇਰਲ ਅਤੇ ਗੋਆ |
| ਕਣਕ | ਪੰਜਾਬ ਅਤੇ ਹਰਿਆਣਾ |

ਅਗਲੇ ਦਿਨ ਗੁਰਲੀਨ ਇੱਕ ਪੌਦੇ ਦੇ ਪੱਤੇ ਲੈ ਕੇ ਆਈ। ਇਹ ਪੱਤੇ ਗਾਜਰ ਘਾਹ ਦੇ ਸਨ। ਉਹ ਬਹੁਤ ਸਾਰੀਆਂ ਗੱਲਾਂ ਦੱਸਣ ਨੂੰ ਕਾਹਲੀ ਸੀ। ਅਧਿਆਪਕ ਦੇ ਜਮਾਤ ਵਿੱਚ ਆਉਂਦਿਆਂ ਹੀ ਗੁਰਲੀਨ ਛੇਤੀ-ਛੇਤੀ ਬੋਲਣ ਲੱਗੀ ਕਿ ਕੱਲ੍ਹ ਉਸਨੂੰ ਉਸਦੇ ਦਾਦਾ ਜੀ ਨੇ ਬਹੁਤ ਸਾਰੇ ਪੌਦੇ ਦਿਖਾਏ। ਦਾਦਾ ਜੀ ਨੇ ਦੱਸਿਆ ਕਿ ਜਦੋਂ ਉਹ ਛੋਟੇ ਹੁੰਦੇ ਸਨ ਤਾਂ ਇਹ ਗਾਜਰ-ਘਾਹ ਪੌਦੇ ਨਹੀਂ ਹੁੰਦੇ ਸਨ।



ਉਸਦੇ ਗੁਆਂਢੀ ਬਜ਼ੁਰਗ ਸੰਤਾ ਸਿੰਘ ਨੇ ਉਸਨੂੰ ਦੱਸਿਆ ਕਿ 'ਗਾਜਰ-ਘਾਹ' ਆਪਣੇ ਆਪ ਹੀ ਬਹੁਤ ਜ਼ਿਆਦਾ ਮਾਤਰਾ ਵਿੱਚ ਉੱਗ ਜਾਂਦੀ ਹੈ। ਇਹ ਸਾਡੀਆਂ ਫ਼ਸਲਾਂ ਦੀ ਖ਼ੁਰਾਕ ਖਾ ਜਾਂਦੀ ਹੈ। ਇਸ ਨੂੰ ਖਤਮ ਕਰਨ ਲਈ ਦਵਾਈਆਂ ਛਿੜਕਣੀਆਂ ਪੈਂਦੀਆਂ ਹਨ। ਜੋ ਸਾਡੀ ਧਰਤੀ, ਹਵਾ ਅਤੇ ਪਾਣੀ ਨੂੰ ਜ਼ਹਿਰੀਲਾ ਬਣਾ ਰਹੀਆਂ ਹਨ।



## ਯਾਦ ਰੱਖਣ ਯੋਗ ਗੱਲਾਂ

- ਪੌਦੇ ਦੇ ਮੁਢਲੇ ਭਾਗ ਜੜ੍ਹ, ਤਣਾ, ਪੱਤੇ, ਫੁੱਲ ਅਤੇ ਫਲ਼ ਹੁੰਦੇ ਹਨ।
- ਪੌਦਿਆਂ ਦੇ ਵੱਖ-ਵੱਖ ਭਾਗਾਂ ਦੀ ਵਰਤੋਂ ਦਵਾਈਆਂ ਵਿੱਚ ਕੀਤੀ ਜਾਂਦੀ ਹੈ।
- ਪੌਦਿਆਂ ਤੋਂ ਸਾਨੂੰ ਲੱਕੜੀ, ਫਲ਼, ਛਾਂ ਆਦਿ ਮਿਲਦੇ ਹਨ।
- ਭੂਮੀ-ਖੋਰ ਤੋਂ ਭਾਵ ਹੈ ਹਵਾ ਅਤੇ ਪਾਣੀ ਨਾਲ ਧਰਤੀ ਦੀ ਉੱਪਰਲੀ ਪਰਤ ਦਾ ਖੁਰਨਾ।
- ਸਾਨੂੰ ਰੁੱਖ ਲਗਾ ਕੇ ਉਨ੍ਹਾਂ ਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ।



**ਪ੍ਰਸ਼ਨ 5. ਪੌਦੇ ਦੇ ਕੋਈ ਦੋ ਭਾਗ ਦੱਸੋ।**

............................................................................................................

............................................................................................................

ਪ੍ਰਸ਼ਨ 6. ਪੌਦਿਆਂ ਤੋਂ ਮਿਲਣ ਵਾਲੀਆਂ ਦੋ ਵਸਤੂਆਂ ਦੇ ਨਾਮ ਲਿਖੋ।

..................................................................................................

..................................................................................................

7. ਖ਼ਾਲੀ ਥਾਂਵਾਂ ਭਰੋ—

(ਖੱਟੇ, ਠੰਢੇ, ਛਤਰੀ, ਵੇਲ, ਸਾਫ਼)

(ੳ) ਪੌਦੇ ਗੰਦੀ ਹਵਾ ਨੂੰ ........................ ਕਰਨ ਵਿੱਚ ਮਦਦ ਕਰਦੇ ਹਨ।

(ਅ) ਕਿੰਨੂ, ਸੰਤਰਾ ਅਤੇ ਨਿੰਬੂ ........................ ਫਲ਼ ਹਨ।

(ੲ) ਕੱਦੂ ਦੀ ........................ ਧਰਤੀ ਉੱਪਰ ਫੈਲ ਜਾਂਦੀ ਹੈ।

(ਸ) ਬਰਮਾ ਡੇਕ ਦੇਖਣ ਵਿੱਚ ........................ ਵਰਗੀ ਹੁੰਦੀ ਹੈ।

(ਹ) ਸੇਬ ਦੇ ਪੌਦੇ ........................ ਇਲਾਕੇ ਵਿੱਚ ਉੱਗਦੇ ਹਨ।

9. ਮਿਲਾਨ ਕਰੋ।

| | | |
|---|---|---|
| (ੳ) | ਕੇਸਰੀ ਲੱਗਣ ਫੁੱਲ ਓਸਨੂੰ, ਕਰੇ ਬਿਨ ਪੱਤਿਆਂ ਤੋਂ ਛਾਂ,<br>ਬੁੱਝੋਂ ਖਾਂ ਭਲਾ ਬੱਚਿਓ, ਕੀ ਇਸ ਰੁੱਖ ਦਾ ਨਾਂ। | ਗੰਨਾ |
| (ਅ) | ਕਾਠ ਉੱਤੇ ਕਾਠ, ਵਿੱਚ ਬੈਠਾ ਜਗਨਨਾਥ। | ਨਿੰਮ |
| (ੲ) | ਇੱਕ ਸੋਟੀ ਦੀ ਕਹਾਣੀ, ਵਿੱਚ ਭਰਿਆ ਮਿੱਠਾ ਪਾਣੀ। | ਕਰੀਰ |
| (ਸ) | ਟਾਹਣੀਆਂ ਕੌੜੀਆਂ, ਫਲ਼ ਮਿੱਠਾ, ਪੱਤੇ ਕੌੜੇ, ਗੁਣ ਮਿੱਠਾ। | ਬਦਾਮ |

10. ਸਹੀ ਉੱਤਰ (✓) ਤੇ ਨਿਸ਼ਾਨ ਲਗਾਉ।

(ੳ) ਪੌਦੇ ਦਾ ਕਿਹੜਾ ਭਾਗ ਮਿੱਟੀ ਨੂੰ ਜਕੜ ਕੇ ਰੱਖਦਾ ਹੈ।

ਪੱਤੇ ☐ ਜੜ੍ਹਾਂ ☐ ਫੁੱਲ ☐

(ਅ) ਸਾਡੀਆਂ ਫ਼ਸਲਾਂ ਦੀ ਖ਼ੁਰਾਕ ਖਾ ਜਾਂਦੀ ਹੈ।

ਗਾਜਰ ਘਾਹ ☐ ਕਿੱਕਰ ☐ ਨਿੰਮ ☐

(ੲ) ਭੌਂ-ਖੋਰ ਤੋਂ ਭਾਵ ਹੈ।

ਹੜ੍ਹ ਆ ਜਾਣਾ ☐ ਰੁੱਖਾਂ ਦਾ ਸੁੱਕ ਜਾਣਾ ☐

ਮਿੱਟੀ ਦਾ ਖੁਰ ਜਾਣਾ ☐

11. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।**

(ੳ) ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ☐

(ਅ) ਪੌਦਿਆਂ ਨੂੰ ਦੇਖਭਾਲ ਦੀ ਲੋੜ ਨਹੀਂ ਹੁੰਦੀ। ☐

(ੲ) ਜ਼ਹਿਰੀਲੀਆਂ ਦਵਾਈਆਂ ਧਰਤੀ, ਹਵਾ ਅਤੇ ਪਾਣੀ ਨੂੰ ਜ਼ਹਿਰੀਲਾ ਬਣਾ ਰਹੀਆਂ ਹਨ। ☐

*****

ਪਾਠ-6

# ਰੰਗ-ਬਿਰੰਗੇ ਪੱਤੇ

ਕੱਲ੍ਹ ਰਾਤ ਪੌਦਿਆਂ ਦੀਆਂ ਗੱਲਾਂ ਕਰਦਿਆਂ ਅਨਮੋਲ ਦੇਰ ਨਾਲ ਸੁੱਤੀ। ਅੱਜ ਐਤਵਾਰ ਹੋਣ ਕਾਰਨ ਅਨਮੋਲ ਨੂੰ ਉਸਦੀ ਮਾਂ ਨੇ ਵੀ ਨਾ ਉਠਾਇਆ। ਜਦੋਂ ਸੂਰਜ ਦੀਆਂ ਤਿੱਖੀਆਂ ਕਿਰਨਾਂ ਉਸਦੇ ਮੂੰਹ ਉੱਤੇ ਪਈਆਂ ਤਾਂ ਉਸਦੀ ਅੱਖ ਖੁੱਲ੍ਹ ਗਈ। ਜਾਗਦਿਆਂ ਹੀ ਉਹ ਬੜੀ ਹੈਰਾਨ ਹੋ ਗਈ। ਪੂਰੇ ਘਰ ਵਿੱਚ ਤਰ੍ਹਾਂ-ਤਰ੍ਹਾਂ ਦੇ ਪੱਤੇ ਖਿਲਰੇ ਪਏ ਸਨ ਜਿਵੇਂ ਕਿ ਪੱਤਿਆਂ ਦਾ ਮੇਲਾ ਲੱਗਿਆ ਹੋਵੇ।

ਅਨਮੋਲ ਨੇ ਆਪਣੀ ਮਾਂ ਨੂੰ ਪੁੱਛਿਆ, "ਮੰਮੀ, ਇੰਨੇ ਪੱਤੇ ਕਿੱਥੋਂ ਆ ਗਏ।"

ਮਾਂ ਨੇ ਜਵਾਬ ਦਿੱਤਾ, "ਬੇਟਾ ਰਾਤ ਬੜੀ ਤੇਜ਼ ਹਨੇਰੀ ਵਗਦੀ ਰਹੀ।"

ਅਨਮੋਲ ਨੇ ਫੇਰ ਪੁੱਛਿਆ, "ਕੀ ਪੱਤੇ ਸਿਰਫ਼ ਹਨੇਰੀ ਨਾਲ਼ ਹੀ ਝੜਦੇ ਨੇ?"


"ਨਹੀਂ ਬੇਟਾ, ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਵੀ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ।" ਇਸਨੂੰ **ਪੱਤਝੜ** ਕਹਿੰਦੇ ਹਨ।



**ਪੱਤਝੜ**

ਅਨਮੋਲ ਦੇ ਪਾਪਾ ਅਤੇ ਉਸਦਾ ਵੱਡਾ ਭਰਾ ਜਸਮਨਜੋਤ ਵੀ ਆ ਗਏ। ਉਸਦੇ ਪਾਪਾ ਨੇ ਪੁੱਛਿਆ, "ਬੇਟਾ, ਕੀ ਤੁਸੀਂ ਭਿੰਨ-ਭਿੰਨ ਤਰ੍ਹਾਂ ਦੇ ਪੱਤਿਆਂ ਨੂੰ ਪਹਿਚਾਣ ਸਕਦੇ ਹੋ ?"

**ਕਿਰਿਆ-1 :** ਚਿੱਤਰ ਵਿਚਲੇ ਪੱਤਿਆਂ ਨੂੰ ਪਹਿਚਾਣੋ ਅਤੇ ਉਹਨਾਂ ਦਾ ਨਾਮ ਹੇਠਾਂ ਦਿੱਤੀ ਸੂਚੀ ਵਿੱਚੋਂ ਲੱਭ ਕੇ ਖ਼ਾਲੀ ਥਾਂ ਵਿੱਚ ਲਿਖੋ।




### ਉੱਪਰ ਦਿੱਤੇ ਪੱਤਿਆਂ ਦੇ ਨਾਂਵਾਂ ਦੀ ਸੂਚੀ

ਸਫ਼ੈਦਾ, ਕਮਲ, ਬੋਹੜ, ਪਿੱਪਲ, ਅਮਰੂਦ, ਪੁਦੀਨਾ, ਨਿੰਮ, ਕੇਲਾ।

ਅਨਮੋਲ ਦੀ ਮਾਂ ਨੇ ਝਾੜੂ ਨਾਲ਼ ਖਿਲਰੇ ਪੱਤੇ ਇਕੱਠੇ ਕਰ ਲਏ ਅਤੇ ਬੋਲੀ "ਦਿਲ ਕਰਦਾ ਏ, ਸਾਰੇ ਪੱਤਿਆਂ ਨੂੰ ਅੱਗ ਲਾ ਦੇਵਾਂ।" ਜਸਮਨ ਬੋਲਿਆ, "ਨਹੀਂ-ਨਹੀਂ ਮੰਮੀ ਪੱਤੇ ਸਾੜਨ ਨਾਲ਼ ਹਵਾ ਗੰਦੀ ਹੋ ਜਾਂਦੀ ਹੈ। ਪੱਤੇ, ਫਲ਼ਾਂ ਅਤੇ ਸਬਜ਼ੀਆਂ ਦੇ ਛਿੱਲੜ ਇੱਕ ਟੋਏ ਵਿੱਚ ਇਕੱਠੇ ਕਰਕੇ ਰੱਖਣ ਨਾਲ਼ ਹੌਲ਼ੀ-ਹੌਲ਼ੀ ਖਾਦ ਬਣ ਜਾਂਦੀ ਹੈ। ਇਹ ਖਾਦ ਪੌਦਿਆਂ ਅਤੇ ਫ਼ਸਲਾਂ ਨੂੰ ਛੇਤੀ ਵਧਣ ਵਿੱਚ ਮਦਦ ਕਰਦੀ ਹੈ।"

"ਪੁੱਤਰ, ਤੁਹਾਨੂੰ ਇਹ ਗੱਲਾਂ ਕਿਸਨੇ ਦੱਸੀਆਂ?" ਪਾਪਾ ਨੇ ਪੁੱਛਿਆ।

"ਪਾਪਾ, ਸਾਡੇ ਸਕੂਲ ਵਿੱਚ ਅਧਿਆਪਕ ਪੱਤਿਆਂ ਤੋਂ ਇਸੇ ਤਰ੍ਹਾਂ ਖਾਦ ਬਣਾਉਂਦੇ ਹਨ।"



ਪੱਤਿਆਂ ਤੋਂ ਖਾਦ ਬਣਾਉਣ ਦਾ ਤਰੀਕਾ

ਹਾਲੇ ਸਭ ਗੱਲਾਂ ਕਰ ਹੀ ਰਹੇ ਸਨ ਕਿ ਅਨਮੋਲ ਦੇ ਤਾਇਆ ਜੀ ਵੀ ਖੇਤ ਤੋਂ ਵਾਪਸ ਆ ਗਏ। ਅਨਮੋਲ ਦੇ ਤਾਇਆ ਜੀ ਨੇ ਥੈਲੇ ਵਿੱਚੋਂ ਪੁਦੀਨੇ ਦੀ ਗੁੱਟੀ ਕੱਢੀ ਅਤੇ ਅਨਮੋਲ ਨੂੰ ਕਿਹਾ ਲੈ ਪੁੱਤ ਰਸੋਈ ਵਿੱਚ ਰੱਖ ਦੇ।" ਪੁਦੀਨੇ ਵਿੱਚੋਂ ਬੜੀ ਮਹਿਕ ਆ ਰਹੀ ਸੀ। ਅਨਮੋਲ ਪੁਦੀਨੇ ਨੂੰ ਵਾਰ-ਵਾਰ ਸੁੰਘਦੇ ਹੋਏ ਰਸੋਈ ਵਿੱਚ ਰੱਖਣ ਚਲੀ ਗਈ।

**ਕਿਰਿਆ-2 :** ਕੁੱਝ ਖ਼ੁਸ਼ਬੂਦਾਰ ਪੱਤੇ ਜਿਵੇਂ ਤੁਲਸੀ, ਪੁਦੀਨਾ, ਤੇਜ-ਪੱਤਾ, ਕਿੱਕਰ, ਮਰੂਆ, ਧਨੀਆਂ, ਨਿੰਮ, ਨਿੰਬੂ, ਮੇਥੀ ਆਦਿ ਇਕੱਠੇ ਕਰਕੇ ਵਿਦਿਆਰਥੀਆਂ ਨੂੰ ਬੰਦ-ਅੱਖਾਂ ਨਾਲ਼ ਖ਼ੁਸ਼ਬੂ ਦੁਆਰਾ ਪੱਤਿਆਂ ਨੂੰ ਪਹਿਚਾਣਨ ਦੀ ਖੇਡ ਖਿਡਾਈ ਜਾਵੇ। ਇਹਨਾਂ ਪੱਤਿਆਂ ਦੀ ਵਰਤੋਂ ਬਾਰੇ ਵੀ ਦੱਸਿਆ ਜਾਵੇ।

**ਕਿਰਿਆ-3 :** ਹੇਠਾਂ ਦਿੱਤੀ ਪਹੇਲੀ ਵਿੱਚ ਖਾਣ ਪੀਣ ਵਾਲੀਆਂ ਅਜਿਹੀਆਂ ਵਸਤੂਆਂ ਦੇ ਨਾਂ ਛੁਪੇ ਹੋਏ ਹਨ ਜਿਨ੍ਹਾਂ ਵਿੱਚ ਖ਼ੁਸ਼ਬੂਦਾਰ ਪੱਤੇ ਵਰਤੇ ਜਾਂਦੇ ਹਨ। ਚਾਰ ਵਸਤੂਆਂ ਦੇ ਨਾਮ ਲੱਭੋ ਅਤੇ ਲਿਖੋ।






## ਯਾਦ ਰੱਖਣ ਯੋਗ ਗੱਲਾਂ

- ਝੜੇ ਪੱਤਿਆਂ ਤੋਂ ਖਾਦ ਬਣਾਈ ਜਾ ਸਕਦੀ ਹੈ।
- ਖ਼ੁਸ਼ਬੂਦਾਰ ਪੱਤਿਆਂ ਦੀ ਵਰਤੋਂ ਸਬਜ਼ੀ, ਦਾਲ, ਦਹੀਂ, ਜੂਸ, ਚਟਣੀ ਆਦਿ ਵਿੱਚ ਕੀਤੀ ਜਾਂਦੀ ਹੈ ਜਿਵੇਂ ਧਨੀਆਂ, ਪੁਦੀਨਾ ਆਦਿ।
- ਸਾਰੇ ਪੱਤਿਆਂ ਦਾ ਰੰਗ ਹਰਾ ਨਹੀਂ ਹੁੰਦਾ।
- ਪੱਤੇ ਜਲਾਉਣ ਨਾਲ਼ ਹਵਾ ਗੰਦੀ (ਪ੍ਰਦੂਸ਼ਿਤ) ਹੋ ਜਾਂਦੀ ਹੈ।



**ਪ੍ਰਸ਼ਨ 1. ਕੋਈ ਤਿੰਨ ਪੌਦਿਆਂ ਦੇ ਨਾਂ ਲਿਖੋ ਜਿਨ੍ਹਾਂ ਦੇ ਪੱਤੇ ਤੁਸੀਂ ਪਹਿਚਾਣਦੇ ਹੋ।**

.....................................................................................

.....................................................................................

**ਪ੍ਰਸ਼ਨ 2. ਤੁਸੀਂ ਕਿਹੜੇ-ਕਿਹੜੇ ਰੰਗ ਦੇ ਪੱਤੇ ਦੇਖੇ ਹਨ ?**

.....................................................................................

.....................................................................................

3. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ-**

(ੳ) ਦਰੱਖ਼ਤਾਂ ਤੋਂ ਪੱਤੇ ਤੋੜ ਕੇ ਖਾਦ ਤਿਆਰ ਕਰਨੀ ਚਾਹੀਦੀ ਹੈ। ☐

(ਅ) ਘਰਾਂ ਵਿੱਚ ਇਕੱਠੇ ਕੀਤੇ ਪੱਤਿਆਂ ਨੂੰ ਅੱਗ ਲਗਾ ਦੇਣੀ ਚਾਹੀਦੀ ਹੈ। ☐

(ੲ) ਪੱਤੇ, ਸਬਜ਼ੀਆਂ ਅਤੇ ਫਲ਼ਾਂ ਦੇ ਛਿੱਲੜਾਂ ਤੋਂ ਖਾਦ ਤਿਆਰ ਕਰਨੀ ਚਾਹੀਦੀ ਹੈ। ☐

(ਸ) ਸਾਰੇ ਪੱਤਿਆਂ ਦਾ ਰੰਗ ਹਰਾ ਹੁੰਦਾ ਹੈ। ☐

(ਹ) ਸਾਰੇ ਪੱਤਿਆਂ ਦੀ ਸ਼ਕਲ ਇੱਕੋ ਜਿਹੀ ਨਹੀਂ ਹੁੰਦੀ ਹੈ। ☐

4. **ਖ਼ਾਲੀ ਥਾਂਵਾਂ ਭਰੋ-**

(ਨਿੰਮ, ਗੰਦੀ, ਮਹਿੰਦੀ)

(ੳ) ਪੱਤੇ ਸਾੜਨ ਨਾਲ਼ ਹਵਾ ...................... ਹੋ ਜਾਂਦੀ ਹੈ।

(ਅ) ਖ਼ੁਸ਼ੀ ਦੇ ਮੌਕੇ ਹੱਥਾਂ 'ਤੇ ...................... ਲਗਾਈ ਜਾਂਦੀ ਹੈ।

(ੲ) ...................... ਦੇ ਪੱਤੇ ਸੁਆਦ ਵਿੱਚ ਕੌੜੇ ਹੁੰਦੇ ਹਨ।

5. **ਸਹੀ ਉੱਤਰ ਅੱਗੇ ਨਿਸ਼ਾਨ (✓) ਲਗਾਉ।**

(ੳ) ਪੌਦਿਆਂ ਦੇ ਪੱਤੇ ਕਿਸ ਰੁੱਤ ਵਿੱਚ ਝੜ ਜਾਂਦੇ ਹਨ।

ਬਹਾਰ ਰੁੱਤ ☐ ਵਰਖਾ ਰੁੱਤ ☐ ਪੱਤਝੜ ਰੁੱਤ ☐

(ਅ) ਕਿਸ ਦਰੱਖ਼ਤ ਦਾ ਪੱਤਾ ਵੱਡਾ ਹੈ।

ਟਾਹਲੀ ☐ ਬੋਹੜ ☐ ਨਿੰਮ ☐


(ੲ) ਕਿਹੜਾ ਪੱਤਾ ਚਟਣੀ ਬਣਾਉਣ ਲਈ ਵਰਤਿਆ ਜਾਂਦਾ ਹੈ।

ਕੇਲਾ ☐ ਪੁਦੀਨਾ ☐ ਅਮਰੂਦ ☐

(ਸ) ................ ਤੋਂ ਖਾਦ ਬਣਾਈ ਜਾ ਸਕਦੀ ਹੈ।

ਪੱਤਿਆਂ ☐ ਇੱਟਾਂ ☐ ਪਾਲੀਥੀਨ ☐

## 6. ਦਿਮਾਗੀ ਪਰਖ




*****



ਪਾਠ-7

# ਜੰਤੂ—ਇਕ ਜਾਣ-ਪਹਿਚਾਣ

ਦੀਪੀ ਬਹੁਤ ਖ਼ੁਸ਼ ਸੀ। ਸਕੂਲ ਵਿੱਚ ਛੁੱਟੀਆਂ ਸਨ। ਉਹ ਨਾਨੀ ਕੋਲ਼ ਆਈ ਹੋਈ ਸੀ। ਉਸ ਦੀ ਛੋਟੀ ਭੈਣ ਗੋਗੀ ਵੀ ਉਸ ਨਾਲ ਸੀ। ਨਾਨੀ ਦੇ ਪਿੰਡ ਉਹਨਾਂ ਦਾ ਪਹਿਲਾ ਦਿਨ ਸੀ। ਨਾਨੀ ਉਨ੍ਹਾਂ ਨੂੰ ਕਹਾਣੀ ਸੁਣਾ ਰਹੇ ਸਨ ਕਿ ਉਨ੍ਹਾਂ ਨੇ ਇੱਕ ਉੱਚੀ ਅਵਾਜ਼ ਸੁਣੀ। ਗੋਗੀ ਡਰ ਗਈ। ਉਸ ਨੇ ਪੁੱਛਿਆ, "ਇਹ ਕੀ ਹੈ ?" ਨਾਨੀ ਨੇ ਹੱਸ ਕੇ ਕਿਹਾ, "ਆ ਦਿਖਾਵਾਂ ਪੁੱਤ।"

ਨਾਨੀ ਨੇ ਕਿਹਾ, "ਇਹ ਗਾਂ ਹੈ ਧੀਏ।" ਉਨ੍ਹਾਂ ਨੇ ਪਿਆਰ ਨਾਲ਼ ਗਾਂ ਦੇ ਮੱਥੇ ਉੱਤੇ ਹੱਥ ਫੇਰਿਆ। ਗੋਗੀ ਦਾ ਡਰ ਦੂਰ ਹੋ ਗਿਆ। ਬਾਕੀ ਜਾਨਵਰ ਵੀ ਬੋਲਣ ਲੱਗੇ। ਗੋਗੀ ਅਤੇ ਦੀਪੀ ਉਹਨਾਂ ਦੀ ਨਕਲ ਕਰਨ ਲੱਗੀਆਂ।

ਗੋਗੀ ਨੇ ਪੁੱਛਿਆ, "ਇਹ ਕੀ ਕਹਿ ਰਹੇ ਹਨ?" ਨਾਨੀ ਨੇ ਕਿਹਾ, "ਇਹਨਾਂ ਨੂੰ ਭੁੱਖ ਲੱਗੀ ਹੈ।" ਉਨ੍ਹਾਂ ਨੇ ਗਾਂ ਅਤੇ ਮੱਝ ਨੂੰ ਚਾਰਾ ਪਾ ਦਿੱਤਾ। ਨਾਨੀ ਨੇ ਦੀਪੀ ਨੂੰ ਦੁੱਧ ਦਾ ਜੱਗ ਭਰ ਕੇ ਦਿੱਤਾ। ਦੀਪੀ ਨੇ ਕੁੱਤੇ ਅਤੇ ਬਿੱਲੀ ਨੂੰ ਦੁੱਧ ਪਾਇਆ। ਗੋਗੀ ਨੇ ਮੁਰਗੀ ਨੂੰ ਖ਼ੁਸ਼ੀ-ਖ਼ੁਸ਼ੀ ਦਾਣੇ ਪਾਏ।

ਅਗਲੇ ਦਿਨ ਨਾਨੀ ਨੇ ਕਿਹਾ, "ਮੈਂ ਖੇਤ ਜਾ ਕੇ ਤੁਹਾਡੇ ਨਾਨਾ ਜੀ ਨੂੰ ਰੋਟੀ ਦੇ ਆਵਾਂ।" ਦੀਪੀ ਅਤੇ ਗੋਗੀ ਨੇ ਕਿਹਾ, "ਅਸੀਂ ਵੀ ਜਾਵਾਂਗੇ।" ਉਹ ਰੋਟੀ ਲੈ ਕੇ ਖੇਤ ਪਹੁੰਚੇ। ਨਾਨਾ ਜੀ ਨੇ ਰੋਟੀ ਖਾਧੀ। ਉਨ੍ਹਾਂ ਨੇ ਇੱਕ ਰੋਟੀ ਬਚਾ ਲਈ ਅਤੇ ਉਸ ਦੇ ਛੋਟੇ-ਛੋਟੇ ਟੁਕੜੇ ਕੀਤੇ। ਫਿਰ ਇੱਕ ਦਰੱਖ਼ਤ ਥੱਲੇ ਖਿਲਾਰ ਦਿੱਤੇ। ਰੋਟੀ ਦੇਖ ਕੇ ਚਿੜੀ, ਕਾਂ, ਕਬੂਤਰ, ਤੋਤਾ, ਘੁੱਗੀ ਅਤੇ ਗੁਟਾਰ ਉੱਥੇ ਆ ਗਏ। ਇੱਕ ਚੂਹਾ ਅਤੇ ਕੁੱਝ ਕੀੜੀਆਂ ਵੀ ਆ ਗਈਆਂ।

ਦਰਖ਼ਤ ਉੱਤੇ ਇੱਕ ਇੱਲ ਆ ਕੇ ਬੈਠ ਗਈ। ਸਾਰੇ ਜੰਤੂ ਤੇਜ਼ੀ ਨਾਲ਼ ਉੱਥੋਂ ਚਲੇ ਗਏ। ਦੀਪੀ ਨੇ ਪੁੱਛਿਆ, "ਇਹ ਰੋਟੀ ਛੱਡ ਕੇ ਕਿਉਂ ਚਲੇ ਗਏ ?" ਨਾਨਾ ਜੀ ਨੇ ਦੱਸਿਆ, "ਪੁੱਤਰ ਇਹ ਇੱਲ ਤੋਂ ਡਰ ਗਏ।"

**ਕਿਰਿਆ-1 :** ਜੰਤੂਆਂ ਦਾ ਭੋਜਨ ਕਈ ਪ੍ਰਕਾਰ ਦਾ ਹੁੰਦਾ ਹੈ। ਕੀ ਤੁਸੀਂ ਕਦੇ ਕਿਸੇ ਜੰਤੂ ਨੂੰ ਕੁੱਝ ਖੁਆਇਆ ਹੈ ? ਹੇਠਾਂ ਦਿੱਤੀ ਸ਼ਬਦ-ਪਹੇਲੀ ਵਿੱਚੋਂ ਜੰਤੂਆਂ ਦਾ ਭੋਜਨ ਲੱਭ ਕੇ ਉਨ੍ਹਾਂ ਦੀ ਤਸਵੀਰ ਹੇਠਾਂ ਲਿਖੋ।



| | | | | | |
|---|---|---|---|---|---|
| ਮੱ | ੳ | ਸ | ਤ | ਦ | ਅ |
| ਛੀ | ਣ | ਜ਼ | ਚ | ਵ | ਦੁੱ |
| ਮਿ | ਰ | ਚ | ਦਾ | ਨ | ਧ |
| ਘਾ | ਹ | ਜ਼ | ਣਾ | ਕ | ਘਾ |



ਮਿਰਚ
.......................

.......................







........................ ........................ ........................

ਦੋਵੇਂ ਭੈਣਾਂ ਨਾਨੀ ਨਾਲ਼ ਘਰ ਮੁੜ ਆਈਆਂ। ਰਾਤ ਦੀ ਰੋਟੀ ਤੋਂ ਬਾਅਦ ਉਹ ਫੇਰ ਕਹਾਣੀ ਸੁਣਨ ਦੀ ਜ਼ਿੱਦ ਕਰਨ ਲੱਗੀਆਂ। ਨਾਨੀ ਨੇ ਉਹਨਾਂ ਨੂੰ ਸ਼ਹਿਦ ਦੀ ਮੱਖੀ ਅਤੇ ਘੁੱਗੀ ਦੀ ਕਹਾਣੀ ਸੁਣਾਈ। ਕਹਾਣੀ ਸੁਣਦਿਆਂ-ਸੁਣਦਿਆਂ ਦੋਵੇਂ ਭੈਣਾਂ ਸੌਂ ਗਈਆਂ।

## ਸ਼ਹਿਦ ਦੀ ਮੱਖੀ ਅਤੇ ਘੁੱਗੀ

ਇੱਕ ਦਿਨ ਇੱਕ ਸ਼ਹਿਦ ਦੀ ਮੱਖੀ ਨਦੀ ਵਿੱਚ ਡਿੱਗ ਪਈ। ਨਦੀ ਕਿਨਾਰੇ ਦਰੱਖ਼ਤ ਉੱਤੇ ਇੱਕ ਘੁੱਗੀ ਬੈਠੀ ਸੀ। ਉਸਨੇ ਮੱਖੀ ਨੂੰ ਖ਼ਤਰੇ ਵਿੱਚ ਦੇਖਿਆ। ਉਸ ਨੇ ਇੱਕ ਪੱਤਾ ਤੋੜਿਆ। ਇਹ ਪੱਤਾ ਸ਼ਹਿਦ ਦੀ ਮੱਖੀ ਕੋਲ ਜਾ ਕੇ ਸੁੱਟ ਦਿੱਤਾ। ਸ਼ਹਿਦ ਦੀ ਮੱਖੀ ਪੱਤੇ ਉੱਤੇ ਬੈਠ ਕੇ ਪਾਣੀ ਤੋਂ ਬਾਹਰ ਆ ਗਈ। ਮੱਖੀ ਨੇ ਘੁੱਗੀ ਦਾ ਧੰਨਵਾਦ ਕੀਤਾ ਅਤੇ ਉੱਡ ਗਈ।

ਕੁੱਝ ਦਿਨ ਬਾਅਦ ਉਸ ਜੰਗਲ ਵਿੱਚ ਇੱਕ ਸ਼ਿਕਾਰੀ ਆਇਆ। ਉਸ ਨੇ ਘੁੱਗੀ ਨੂੰ ਦਰੱਖ਼ਤ ਉੱਤੇ ਬੈਠੇ ਦੇਖਿਆ ਅਤੇ ਬੰਦੂਕ ਨਾਲ਼ ਘੁੱਗੀ ਵੱਲ ਨਿਸ਼ਾਨਾ ਸਾਧਿਆ। ਮੱਖੀ ਨੇ ਦੇਖਿਆ ਕਿ ਘੁੱਗੀ ਦੀ ਜਾਨ ਖ਼ਤਰੇ ਵਿੱਚ ਹੈ। ਉਸ ਨੇ ਸ਼ਿਕਾਰੀ ਦੇ ਹੱਥ ਉੱਤੇ ਡੰਗ ਮਾਰਿਆ। ਸ਼ਿਕਾਰੀ ਦਾ ਨਿਸ਼ਾਨਾ ਉੱਕ ਗਿਆ। ਘੁੱਗੀ ਬਚ ਗਈ। ਉਸ ਨੇ ਮੱਖੀ ਦਾ ਧੰਨਵਾਦ ਕੀਤਾ ਅਤੇ ਉੱਡ ਗਈ।

**ਪਿਆਰੇ ਬੱਚਿਓ !**


**ਕੀ ਇਨ੍ਹਾਂ ਵਿੱਚੋਂ ਤੁਹਾਨੂੰ ਵੀ ਕਦੇ ਕਿਸੇ ਨੇ ਡੰਗ ਮਾਰਿਆ ਹੈ? (✓) ਦਾ ਨਿਸ਼ਾਨ ਲਗਾਓ।**

ਮੱਛਰ .................. ਸ਼ਹਿਦ ਦੀ ਮੱਖੀ .................. ਭਰਿੰਡ ..................

**ਅਧਿਆਪਕ ਲਈ -** ਅਧਿਆਪਕ ਬੱਚਿਆਂ ਨੂੰ ਕਹਾਣੀ ਸੁਣਾਵੇ ਅਤੇ ਜਾਨਵਰਾਂ ਸਬੰਧੀ ਹੋਰ ਕਹਾਣੀਆਂ ਘਰੋਂ ਸੁਣਨ ਲਈ ਕਹੇ। ਵਿਦਿਆਰਥੀਆਂ ਨੂੰ ਘਰੋਂ ਸੁਣੀਆਂ ਕਹਾਣੀਆਂ ਜਮਾਤ ਵਿੱਚ ਸੁਣਾਉਣ ਲਈ ਉਤਸ਼ਾਹਿਤ ਕਰੇ।

ਦੀਪੀ ਅਤੇ ਗੋਗੀ ਨੇ ਨਾਨੀ ਦੇ ਪਿੰਡ ਬਹੁਤ ਸਾਰੇ ਜਾਨਵਰ ਵੇਖੇ। ਤੁਸੀਂ ਵੀ ਬਹੁਤ ਸਾਰੇ ਜਾਨਵਰ ਵੱਖ-ਵੱਖ ਥਾਂਵਾਂ ਉੱਤੇ ਵੇਖੇ ਹੋਣਗੇ।

**ਕਿਰਿਆ-2 :** ਆਓ ਹੁਣ ਇੱਕ ਛੋਟੀ ਜਿਹੀ ਖੇਡ ਖੇਡੀਏ। ਕੀ ਤੁਸੀਂ ਚਿੱਤਰ ਵਿਚਲੇ ਜਾਨਵਰ ਕਿਤੇ ਵੇਖੇ ਹਨ ? ਜੇ ਵੇਖੇ ਹਨ ਤਾਂ ਕਿਹੜਾ ਜਾਨਵਰ ਕਿੱਥੇ ਵੇਖਿਆ ਹੈ ? ਚਿੱਤਰਾਂ ਵਿੱਚ ਰੰਗ ਭਰੋ।



ਪਿਆਰੇ ਬੱਚਿਓ, ਜਿਵੇਂ ਅਸੀਂ ਇੱਕ ਥਾਂ ਤੋਂ ਦੂਜੀ ਥਾਂ ਜਾਂਦੇ ਹਾਂ, ਉਸੇ ਤਰ੍ਹਾਂ ਜਾਨਵਰ ਵੀ ਜਾਂਦੇ ਹਨ। ਕੁਝ ਤੈਰਦੇ ਹਨ। ਕੁਝ ਉੱਡਦੇ ਹਨ ਅਤੇ ਕੁਝ ਰੀਂਗਦੇ ਹਨ।

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਲਿਖੇ ਜਾਨਵਰ ਇੱਕ ਥਾਂ ਤੋਂ ਦੂਜੀ ਥਾਂ ਕਿਵੇਂ ਜਾਂਦੇ ਹਨ ?

1. ਸੱਪ ਰੀਂਗਦਾ ਹੈ
2. ਗਾਂ .................. ਹੈ।
3. ਮੱਛੀ .................. ਹੈ।
4. ਤਿਤਲੀ .................. ਹੈ।
5. ਤੋਤਾ.................. ਹੈ।
6. ਮੱਛਰ .................. ਹੈ।



## ਯਾਦ ਰੱਖਣ ਯੋਗ ਗੱਲਾਂ

- ਵੱਖ-ਵੱਖ ਜਾਨਵਰ ਵੱਖ-ਵੱਖ ਭੋਜਨ ਖਾਂਦੇ ਹਨ। ਜਿਵੇਂ - ਤੋਤਾ ਮਿਰਚ ਖਾਂਦਾ ਹੈ ਅਤੇ ਬਿੱਲੀ ਦੁੱਧ ਪੀਂਦੀ ਹੈ।
- ਸ਼ਹਿਦ ਦੀ ਮੱਖੀ, ਮੱਛਰ, ਭਰਿੰਡ ਆਦਿ ਡੰਗ ਮਾਰਦੇ ਹਨ।
- ਕਈ ਪੰਛੀ ਉੱਡ ਨਹੀਂ ਸਕਦੇ।



**ਪ੍ਰਸ਼ਨ 1. ਜਾਨਵਰ ਅਤੇ ਉਹਨਾਂ ਦੀਆਂ ਆਵਾਜ਼ਾਂ ਦਾ ਮਿਲਾਨ ਕਰੋ**

| ਜਾਨਵਰਾਂ ਦਾ ਨਾਮ | ਆਵਾਜ਼ਾਂ |
|---|---|
| (ੳ) ਬੱਕਰੀ | ਗੁਟਰ-ਗੂੰ |
| (ਅ) ਕੁੱਕੜੀ | ਮਿਆਓਂ-ਮਿਆਓਂ |
| (ੲ) ਬਿੱਲੀ | ਕੁਕੜੂੰ-ਕੂੰ |
| (ਸ) ਕਬੂਤਰ | ਮੈਂ-ਮੈਂ |

2. **ਵੱਖ-ਵੱਖ ਜੀਵ-ਜੰਤੂਆਂ ਦੇ ਰਹਿਣ ਸਥਾਨ ਲਿਖੋ।**

| **ਜੰਤੂ ਦਾ ਨਾਂ** | **ਰਹਿਣ-ਸਥਾਨ** |
|---|---|
| ................. | ................. |
| ................. | ................. |
| ................. | ................. |
| ................. | ................. |
| ................. | ................. |

3. **ਖ਼ਾਲੀ ਥਾਂਵਾਂ ਭਰੋ-**

(ਵੱਖਰੀ-ਵੱਖਰੀ, ਦਾਣੇ, ਡੰਗ)

(ੳ) ਸ਼ਹਿਦ ਦੀ ਮੱਖੀ ................. ਮਾਰਦੀ ਹੈ।

(ਅ) ਹਰ ਜਾਨਵਰ ਦੀ ਆਵਾਜ਼ ................. ਹੁੰਦੀ ਹੈ।

(ੲ) ਮੁਰਗੀ ................. ਖਾਂਦੀ ਹੈ।

4. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।**

(ੳ) ਕੁੱਤਾ ਘਰ ਦੀ ਰਾਖੀ ਕਰਦਾ ਹੈ। ☐

(ਅ) ਤੋਤਾ ਮਿਰਚ ਖਾਂਦਾ ਹੈ। ☐

(ੲ) ਪੰਛੀ ਖੰਭਾਂ ਦੀ ਮਦਦ ਨਾਲ਼ ਉੱਡਦੇ ਹਨ। ☐

(ਸ) ਕਿਰਲੀ ਉੱਡਦੀ ਹੈ। ☐

**ਪ੍ਰਸ਼ਨ 5 ਡੰਗ ਮਾਰਨ ਵਾਲੇ ਦੋ ਜੀਵਾਂ ਦੇ ਨਾਮ ਲਿਖੋ।**

.............................................................................................

.............................................................................................

**ਪ੍ਰਸ਼ਨ 6. ਚਾਰਾ ਖਾਣ ਵਾਲੇ ਦੋ ਜੰਤੂਆਂ ਦੇ ਨਾਮ ਲਿਖੋ।**

.............................................................................................

.............................................................................................

*****



ਪਾਠ-੮

# ਪੰਛੀਆਂ ਦੀ ਦੁਨੀਆ

ਅੱਜ ਜੰਗਲ ਵਿੱਚ ਬਹੁਤ ਰੌਣਕ ਸੀ। ਬਿਜੜੇ ਨੇ ਨਵਾਂ ਘਰ ਬਣਾਇਆ ਸੀ। ਸਾਰੇ ਪੰਛੀ ਉਸਦਾ ਆਲ੍ਹਣਾ ਦੇਖਣ ਆਏ ਸਨ। ਇਸ ਖੁਸ਼ੀ ਵਿੱਚ ਸਾਰਿਆਂ ਨੇ ਇੱਕ ਖੇਡ ਖੇਡੀ। ਸਾਰਿਆਂ ਨੇ ਆਪਣੇ ਬਾਰੇ ਗੀਤ ਗਾ ਕੇ ਜਾਣੂ ਕਰਵਾਇਆ। ਕੋਇਲ ਦਰੱਖ਼ਤ ਦੇ ਪੱਤਿਆਂ ਵਿੱਚ ਲੁਕੀ ਬੈਠੀ ਸੀ। ਪੰਛੀਆਂ ਨੇ ਉਸ ਨੂੰ ਹੀ ਗੀਤ ਸ਼ੁਰੂ ਕਰਨ ਲਈ ਕਿਹਾ। ਉਸ ਨੇ ਆਪਣੀ ਮਿੱਠੀ ਆਵਾਜ਼ ਵਿੱਚ ਕਿਹਾ-



ਮੈਂ ਕੋਇਲ ਰੰਗਤ ਮੇਰੀ ਕਾਲੀ
ਚੜ੍ਹ ਬੈਠਾਂ ਅੰਬ ਦੀ ਡਾਲੀ।
ਮੇਰੀ ਕੂਕ ਹੀ ਮੇਰਾ ਗੀਤ,
ਬਣ ਜਾਵਾਂ ਸਭ ਦੀ ਮੀਤ।

ਤੋਤਾ ਮਿਰਚਾਂ ਖਾਣ ਵਿੱਚ ਰੁੱਝਿਆ ਹੋਇਆ ਸੀ। ਮੋਰ ਦੇ ਕਹਿਣ ਉੱਤੇ ਉਹ ਬੋਲਿਆ-

ਲਾਲ ਚੁੰਝ, ਹਰੇ ਨੇ ਖੰਭ,
ਮਿਰਚ ਮੈਨੂੰ ਬੜੀ ਪਸੰਦ।
ਮਿੱਠੂ ਕਹਿ ਮੈਨੂੰ ਲੋਕ ਬੁਲਾਵਣ,
ਮਿੱਠੀ-ਮਿੱਠੀ ਚੂਰੀ ਪਾਵਣ।




ਇਸ ਤੋਂ ਅਗਲੀ ਵਾਰੀ ਮੋਰ ਦੀ ਸੀ। ਉਸ ਨੇ ਆਪਣੇ ਸੁੰਦਰ ਖੰਭ ਖਿਲਾਰਦਿਆਂ ਕਿਹਾ



ਸੋਹਣੇ ਖੰਭ ਤੇ ਸੋਹਣੀ ਤੋਰ,
ਸਿਰ ਤੇ ਕਲਗੀ ਮੈਂ ਹਾਂ ਮੋਰ।
ਕੁਹੂ-ਕੁਹੂ ਬੋਲਾਂ, ਪੈਲਾਂ ਪਾਵਾਂ,
ਸਭਨਾਂ ਦਾ ਮੈਂ ਮਨ ਪ੍ਰਚਾਵਾਂ।

ਕਾਂ ਵੀ ਆਪਣੇ ਬਾਰੇ ਦੱਸਣ ਲਈ ਕਾਹਲਾ ਸੀ। ਉਹ ਬੋਲਿਆ-



ਕਾਂ-ਕਾਂ ਬੋਲਾਂ, ਮੈਂ ਹਾਂ ਕਾਂ,
ਉੱਚਾ ਉੱਡਾਂ, ਸ਼ਹਿਰ ਗਰਾਂ।

ਏਨੀ ਫ਼ੁਰਤੀ ਹੱਥ ਨਾ ਆਵਾਂ,
ਅੱਖ ਝਪਕਦੇ ਹੀ ਉੱਡ ਜਾਵਾਂ।

ਕੁੱਕੜ ਵੀ ਆਪਣੇ ਆਪ ਨੂੰ ਕੁੱਝ ਘੱਟ ਨਹੀਂ ਸਮਝਦਾ ਸੀ। ਉਹ ਉੱਚੀ ਅਵਾਜ਼ ਵਿੱਚ ਬੋਲਿਆ–




ਸੋਹਣੀ ਕਲਗੀ ਰਾਜੇ ਵਾਂਗ,
ਤੜਕੇ ਉੱਠ ਕੇ ਦੇਵਾਂ ਬਾਂਗ।
ਜਾਗੋ ਹੁਣ ਹੋਇਆ ਸਵੇਰਾ,
ਰੌਸ਼ਨ ਹੋਇਆ ਚਾਰ ਚੁਫੇਰਾ।

ਸਾਰੇ ਬਹੁਤ ਖੁਸ਼ ਸਨ ਪਰ ਗਿਰਝ ਉਦਾਸ ਸੀ। ਉਸ ਨੇ ਆਪਣੀ ਉਦਾਸੀ ਦੱਸੀ—


ਸੁਣੋ ਸਾਥੀਓ ਮੇਰੀ ਦੁਹਾਈ,
ਲੋਕਾਂ ਸਾਡੀ ਨਸਲ ਮੁਕਾਈ।
ਸਾਫ਼ ਕਰਾਂ ਆਲ਼ਾ-ਦੁਆਲ਼ਾ,
ਚਾਹੇ ਗਰਮੀ ਚਾਹੇ ਪਾਲ਼ਾ।




**ਕਿਰਿਆ-1 :** ਚਿੱਤਰ 8.7 ਵਿੱਚ ਦਿੱਤੇ ਗਏ ਪੰਛੀਆਂ ਨੂੰ ਪਛਾਣੋ ਅਤੇ ਰੰਗ ਭਰੋ।




..............................



..............................





............................ ............................

ਪੰਛੀ ਵੱਖ-ਵੱਖ ਪ੍ਰਕਾਰ ਦਾ ਭੋਜਨ ਖਾਂਦੇ ਹਨ। ਕੁੱਝ ਅਨਾਜ ਖਾਂਦੇ ਹਨ, ਜਿਵੇਂ ਚਿੜੀ। ਕੁੱਝ ਫਲ਼ ਖਾਂਦੇ ਹਨ, ਜਿਵੇਂ ਤੋਤਾ। ਕੁੱਝ ਕੀੜੇ-ਮਕੌੜੇ ਖਾਂਦੇ ਹਨ, ਜਿਵੇਂ-ਚੱਕੀਰਾਹਾ।

**ਕਿਰਿਆ-2 :** ਉਪਰੋਕਤ ਤੋਂ ਇਲਾਵਾ ਤੁਸੀਂ ਜਿਹੜੇ-ਜਿਹੜੇ ਪੰਛੀ ਦੇਖੇ ਹਨ ਕੀ ਤੁਹਾਨੂੰ ਪਤਾ ਹੈ ਕਿ ਉਹ ਕੀ ਖਾਂਦੇ ਹਨ ? ਹੇਠਾਂ ਦਿੱਤੇ ਖ਼ਾਨੇ ਵਿੱਚ ਪੰਛੀਆਂ ਦੇ ਨਾਂ ਲਿਖੋ ਅਤੇ ਸਾਹਮਣੇ ਉਨ੍ਹਾਂ ਦਾ ਭੋਜਨ ਵੀ ਲਿਖੋ।

| ਪੰਛੀ ਦਾ ਨਾਂ | ਭੋਜਨ |
|---|---|
| .............. | .............. |
| .............. | .............. |

**ਕਿਰਿਆ-3 :** ਗਰਮੀਆਂ ਵਿੱਚ ਬਹੁਤ ਸਾਰੇ ਛੋਟੇ-ਛੋਟੇ ਪੰਛੀ ਪਿਆਸ ਨਾਲ਼ ਮਰ ਜਾਂਦੇ ਹਨ। ਤੁਸੀਂ ਉਨ੍ਹਾਂ ਨੂੰ ਬਚਾ ਸਕਦੇ ਹੋ। ਕਿਸੇ ਖੁੱਲ੍ਹੇ ਮੂੰਹ ਵਾਲੇ ਬਰਤਨ ਵਿੱਚ ਪਾਣੀ ਪਾ ਕੇ ਆਪਣੇ ਘਰ ਦੀ ਛੱਤ ਉੱਤੇ ਜਾਂ ਵਰਾਂਡੇ ਵਿੱਚ ਰੱਖ ਦਿਓ।

ਪਿਆਰੇ ਬੱਚਿਓ! ਖੰਭ ਪੰਛੀਆਂ ਨੂੰ ਗਰਮੀ ਸਰਦੀ ਤੋਂ ਬਚਾਉਂਦੇ ਹਨ। ਇਹ ਪੰਛੀਆਂ ਦੀ ਉੱਡਣ ਵਿੱਚ ਮਦਦ ਵੀ ਕਰਦੇ ਹਨ। ਪੰਛੀਆਂ ਦੇ ਖੰਭ ਬਹੁਤ ਸੁੰਦਰ ਹੁੰਦੇ ਹਨ। ਖੰਭਾਂ ਨਾਲ਼ ਪੰਛੀ ਰੰਗ ਬਰੰਗੇ ਅਤੇ ਖ਼ੂਬਸੂਰਤ ਦਿਖਦੇ ਹਨ।

**ਕਿਰਿਆ-4 :** ਪੰਛੀਆਂ ਦੇ ਡਿੱਗੇ ਹੋਏ ਖੰਭਾਂ ਤੋਂ ਸਜਾਵਟੀ ਸਮਾਨ ਤਿਆਰ ਕਰੋ ਅਤੇ ਜਮਾਤ ਵਿੱਚ ਸਭ ਨੂੰ ਦਿਖਾਓ।

ਖੰਭਾਂ ਦੁਆਰਾ ਸਜਾਵਟ

## ਸੁੰਦਰ ਪਿਆਰਾ ਘਰ

ਪੰਛੀ ਵੀ ਰਹਿਣ ਲਈ ਘਰ ਬਣਾਉਂਦੇ ਹਨ। ਜਿਨ੍ਹਾਂ ਨੂੰ ਆਲ੍ਹਣਾ ਕਹਿੰਦੇ ਹਾਂ। ਕੀ ਤੁਸੀਂ ਹੇਠਾਂ ਦਿੱਤੇ ਚਿੱਤਰਾਂ ਨੂੰ ਪਹਿਚਾਣ ਸਕਦੇ ਹੋ ਕਿ ਇਹ ਆਲ੍ਹਣੇ ਕਿੰਨ੍ਹਾਂ ਪੰਛੀਆਂ ਦੇ ਹਨ? ਇਨ੍ਹਾਂ ਦੇ ਨਾਂ ਲਿਖੋ।

.................................. ....................................



## ਯਾਦ ਰੱਖਣ ਯੋਗ ਗੱਲਾਂ

- ਖੰਭ ਪੰਛੀਆਂ ਦੀ ਉੱਡਣ ਵਿੱਚ ਮਦਦ ਕਰਦੇ ਹਨ।
- ਬਹੁਤ ਸਾਰੇ ਪੰਛੀ ਆਪਣਾ ਘਰ ਬਣਾਉਂਦੇ ਹਨ। ਇਸ ਘਰ ਨੂੰ ਆਲ੍ਹਣਾ ਕਹਿੰਦੇ ਹਨ।
- ਕੁਝ ਪੰਛੀ ਅਨਾਜ ਖਾਂਦੇ ਹਨ, ਕੁਝ ਪੰਛੀ ਫਲ਼ ਅਤੇ ਕੁਝ ਕੀੜੇ-ਮਕੌੜੇ।
- ਮੋਰ ਸਾਡਾ ਕੌਮੀ ਪੰਛੀ ਅਤੇ ਬਾਜ ਸਾਡਾ ਰਾਜ ਪੰਛੀ ਹੈ।




**ਪ੍ਰਸ਼ਨ-1 ਖ਼ਾਲੀ ਥਾਂਵਾਂ ਭਰੋ**

(ਕੀੜੇ-ਮਕੌੜੇ, ਖੰਭ, ਮਿਰਚ)

1. ਮੋਰ ਦੇ ………………… ਬਹੁਤ ਸੁੰਦਰ ਹੁੰਦੇ ਹਨ।
2. ਤੋਤਾ ………………… ਖਾਣਾ ਪਸੰਦ ਕਰਦਾ ਹੈ।
3. ਚੱਕੀਰਾਹਾ ………………… ਖਾਂਦਾ ਹੈ।

**ਪ੍ਰਸ਼ਨ-2 ਦਿਮਾਗੀ ਪਰਖ।**




*****

ਪਾਠ-9

# ਭੋਜਨ ਪਕਾਈਏ ਅਤੇ ਖਾਈਏ

ਗੁਰਜੋਤ ਦੇ ਮਾਮਾ ਜੀ ਫ਼ੌਜੀ ਸਨ। ਉਨ੍ਹਾਂ ਦੇ ਬੱਚੇ ਅਤੇ ਪਤਨੀ ਉਨ੍ਹਾਂ ਦੇ ਨਾਲ਼ ਪਠਾਨਕੋਟ ਛਾਉਣੀ ਦੇ ਕੁਆਟਰ ਵਿੱਚ ਰਹਿੰਦੇ ਸਨ। ਇਕ ਵਾਰ ਉਹ ਆਪਣੀ ਮਾਤਾ ਜੀ ਨਾਲ਼ ਮਾਮਾ ਜੀ ਨੂੰ ਮਿਲਣ ਗਈ। ਉਹ ਮਾਮਾ ਜੀ ਦੇ ਬੱਚਿਆਂ ਨਾਲ਼ ਉਨ੍ਹਾਂ ਦੇ ਸਕੂਲ ਗਈ। ਉਸਨੇ ਅੱਧੀ ਛੁੱਟੀ ਸਮੇਂ ਜਮਾਤ ਦੇ ਸਾਰੇ ਬੱਚਿਆਂ ਨਾਲ਼ ਮਿਲ਼ ਕੇ ਖਾਣਾ ਖਾਧਾ।

ਸਾਰੇ ਬੱਚੇ ਆਪਣੇ ਖੇਤਰਾਂ ਦੇ ਅਨੁਸਾਰ ਵੱਖ-ਵੱਖ ਭੋਜਨ ਲੈ ਕੇ ਆਏ ਸਨ। ਬੱਚੇ ਖਾਣੇ ਵਿੱਚ ਤਮਿਲਨਾਡੂ ਦਾ ਇਡਲੀ ਸਾਂਬਰ, ਬੰਗਾਲ ਦੇ ਮੱਛੀ-ਚਾਵਲ, ਪੰਜਾਬ ਦੀ ਮੱਕੀ ਦੀ ਰੋਟੀ ਅਤੇ ਸਰ੍ਹੋਂ ਦਾ ਸਾਗ, ਰਾਜਸਥਾਨ ਦਾ ਦਾਲ ਬਾਟੀ ਚੂਰਮਾ ਅਤੇ ਪੂਰਬੀ ਖੇਤਰ ਵਾਲੇ ਮੋਮੋਜ਼ ਵੀ ਲੈ ਕੇ ਆਏ ਹੋਏ ਸਨ।



ਮੱਕੀ ਦੀ ਰੋਟੀ ਅਤੇ ਸਰ੍ਹੋਂ ਦਾ ਸਾਗ



ਇਡਲੀ-ਸਾਂਬਰ



ਮੱਛੀ-ਚਾਵਲ



ਚੂਰਮਾ

ਘਰ ਆ ਕੇ ਗੁਰਜੋਤ ਨੇ ਹੈਰਾਨੀ ਨਾਲ ਵੱਖ-ਵੱਖ ਤਰ੍ਹਾਂ ਦੇ ਭੋਜਨ ਬਾਰੇ ਮਾਤਾ ਜੀ ਨੂੰ ਦੱਸਿਆ। ਉਸਨੇ ਪੁੱਛਿਆ "ਇਹ ਬੱਚੇ ਵੱਖ-ਵੱਖ ਤਰ੍ਹਾਂ ਦਾ ਭੋਜਨ ਕਿਉਂ ਖਾਂਦੇ ਹਨ ?"

**ਮਾਤਾ ਜੀ—** ਬੇਟਾ, ਸਾਡੇ ਦੇਸ਼ ਦੀਆਂ ਵੱਖ-ਵੱਖ ਥਾਂਵਾਂ ਤੇ ਵੱਖ-ਵੱਖ ਭੋਜਨ ਪੈਦਾ ਹੁੰਦਾ ਹੈ। ਇਸ ਕਰਕੇ ਉੱਥੋਂ ਦੇ ਰਹਿਣ ਵਾਲੇ ਲੋਕ ਉਸ ਅਨੁਸਾਰ ਹੀ ਆਪਣੀਆਂ ਭੋਜਨ ਆਦਤਾਂ ਬਣਾ ਲੈਂਦੇ ਹਨ। ਜਿਵੇਂ ਅਸੀਂ ਪੰਜਾਬ ਵਿੱਚ ਜ਼ਿਆਦਾ ਕਣਕ ਖਾਂਦੇ ਹਾਂ। ਪੱਛਮੀ ਬੰਗਾਲ ਦੇ ਲੋਕ ਚਾਵਲਾਂ ਦੀ ਖੇਤੀ ਹੋਣ ਕਾਰਨ ਚਾਵਲ ਅਤੇ ਸਮੁੰਦਰ ਦੇ ਨੇੜੇ ਰਹਿਣ ਵਾਲੇ ਮੱਛੀ ਖਾਂਦੇ ਹਨ।

## ਭੋਜਨ ਦੀ ਮਹੱਤਤਾ

**ਗੁਰਜੋਤ—** ਮਾਮਾ ਜੀ, ਅਸੀਂ ਭੋਜਨ ਕਿਉਂ ਖਾਂਦੇ ਹਾਂ ?

**ਮਾਮਾ ਜੀ—** ਬੇਟਾ, ਸਾਨੂੰ ਜਿਉਂਦੇ ਰਹਿਣ ਲਈ ਤਿੰਨ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਇਹ ਹਵਾ, ਭੋਜਨ ਅਤੇ ਪਾਣੀ ਹਨ। ਭੋਜਨ ਸਾਡੇ ਜਿਉਂਦੇ ਰਹਿਣ ਲਈ ਸਰੀਰ ਅੰਦਰ ਤਿੰਨ ਜ਼ਰੂਰੀ ਕੰਮ ਕਰਦਾ ਹੈ—

1. ਸਾਨੂੰ ਵੱਖ-ਵੱਖ ਕੰਮ ਕਰਨ ਲਈ ਊਰਜਾ ਦਿੰਦਾ ਹੈ।
2. ਸਾਡੇ ਸਰੀਰ ਦੇ ਵਾਧੇ ਵਿੱਚ ਸਹਾਇਤਾ ਕਰਦਾ ਹੈ।
3. ਸਰੀਰ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ।



ਭੋਜਨ ਊਰਜਾ ਦਿੰਦਾ ਹੈ



ਭੋਜਨ ਵਾਧਾ ਕਰਦਾ ਹੈ

| ਪੌਦਿਆਂ ਤੋਂ ਭੋਜਨ | | |
|---|---|---|
| **ਜੜ੍ਹ**—ਗਾਜਰ, ਮੂਲੀ ਅਤੇ ਸ਼ਲਗਮ | **ਤਣਾ** : ਪਿਆਜ਼, ਆਲੂ, ਅਦਰਕ ਅਤੇ ਲਸਣ | **ਪੱਤੇ** : ਸਰ੍ਹੋਂ ਦਾ ਸਾਗ, ਪੁਦੀਨਾ, ਧਨੀਆ, ਮੇਥੀ, ਚਾਹ |
| **ਫੁੱਲ**—ਫੁੱਲ-ਗੋਭੀ, ਬਰੋਕਲੀ | **ਫ਼ਲ** : ਸੇਬ, ਮਿਰਚਾਂ, ਮਟਰ, ਫਲੀਆਂ, ਟਮਾਟਰ, ਅਮਰੂਦ | **ਬੀਜ ਜਾਂ ਅਨਾਜ** : ਕਣਕ, ਚਾਵਲ, ਮੱਕੀ, ਬਾਜਰਾ, ਕੌਫੀ |

| ਹਰ ਚਿੱਤਰ ਦੇ ਹੇਠਾਂ ਭੋਜਨ ਵਜੋਂ ਵਰਤਿਆ ਜਾਣ ਵਾਲਾ ਭਾਗ ਅਤੇ ਪੌਦੇ ਦਾ ਨਾਂ ਲਿਖੋ। | | |
|---|---|---|
|  1 .......................... |  2 .......................... |  3 .......................... |
|  4 .......................... |  5 .......................... |  6 .......................... |

## ਪੌਦਿਆਂ ਤੋਂ ਭੋਜਨ

**ਗੁਰਜੋਤ**— ਮਾਮਾ ਜੀ, ਸਾਨੂੰ ਤਾਂ ਭੋਜਨ ਮਾਤਾ ਜੀ ਹੀ ਬਣਾ ਕੇ ਦਿੰਦੇ ਹਨ।

**ਮਾਮਾ ਜੀ**— ਹਾਂ ਬੇਟਾ, ਅਸਲ ਵਿੱਚ ਤੁਹਾਡੇ ਮਾਤਾ ਜੀ ਪੌਦਿਆਂ ਅਤੇ ਜੰਤੂਆਂ ਤੋਂ ਪ੍ਰਾਪਤ ਭੋਜਨ ਨੂੰ ਚੰਗੀ ਤਰ੍ਹਾਂ ਪਕਾ ਕੇ ਤੁਹਾਨੂੰ ਦਿੰਦੇ ਹਨ। ਆਓ! ਪੌਦਿਆਂ ਦੇ ਵੱਖ-ਵੱਖ ਭਾਗਾਂ ਤੋਂ ਮਿਲਣ ਵਾਲੇ ਭੋਜਨ ਪਦਾਰਥਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ।



ਫ਼ਲਾਂ ਦਾ ਜੂਸ



ਫ਼ਲ ਖਾਣਾ



ਮੈਂਗੋ ਸ਼ੇਕ



ਸਬਜ਼ੀਆਂ ਦਾ ਸਲਾਦ

ਸਬਜ਼ੀਆਂ ਨੂੰ ਪਕਾ ਕੇ ਅਤੇ ਸਲਾਦ ਦੀ ਤਰ੍ਹਾਂ ਕੱਟ ਕੇ ਖਾਧਾ ਜਾ ਸਕਦਾ ਹੈ। ਕੁੱਝ ਫਲਾਂ ਨੂੰ ਕੱਚਾ ਅਤੇ ਕੁੱਝ ਦਾ ਜੂਸ ਕੱਢ ਕੇ ਵੀ ਪੀਤਾ ਜਾ ਸਕਦਾ ਹੈ। ਆਮ ਤੌਰ 'ਤੇ ਅੰਬ ਨੂੰ ਦੁੱਧ ਵਿੱਚ ਮਿਲਾ ਕੇ ਮੈਂਗੋ ਸ਼ੇਕ ਬਣਾਇਆ ਜਾਂਦਾ ਹੈ।

**ਕਿਰਿਆ-1 :** ਆਪਣੇ ਮਾਤਾ-ਪਿਤਾ ਦੀ ਮਦਦ ਨਾਲ਼ ਗਰਮੀ ਅਤੇ ਸਰਦੀ ਦੇ ਫਲ਼ਾਂ ਅਤੇ ਸਬਜ਼ੀਆਂ ਦੀ ਸੂਚੀ ਬਣਾਓ।

| ਲੜੀ ਨੰ. | ਗਰਮੀ ਰੁੱਤ | | ਸਰਦੀ ਦੀ ਰੁੱਤ | |
|---|---|---|---|---|
| | ਸਬਜ਼ੀਆਂ | ਫ਼ਲ | ਸਬਜ਼ੀਆਂ | ਫਲ਼ |
| | | | | |
| | | | | |
| | | | | |
| | | | | |

**ਕਿਰਿਆ-2 :** ਆਪਣੇ ਘਰ ਵਿੱਚ ਮਾਤਾ ਜੀ ਦੀ ਮਦਦ ਨਾਲ਼ ਨਿੰਬੂ ਦੀ ਸ਼ਿਕੰਜਵੀ ਬਣਾਓ ਅਤੇ ਸਲਾਦ ਵੀ ਕੱਟ ਕੇ ਖਾਓ।

ਬੱਚਿਆਂ ਨੂੰ ਚਾਕੂ ਦੀ ਵਰਤੋਂ ਧਿਆਨ ਨਾਲ਼ ਕਰਨੀ ਚਾਹੀਦੀ ਹੈ।

### ਜਾਨਵਰਾਂ ਤੋਂ ਭੋਜਨ

**ਗੁਰਜੋਤ**—ਮਾਮਾ ਜੀ, ਦੁੱਧ ਤਾਂ ਜਾਨਵਰਾਂ ਤੋਂ ਮਿਲਣ ਵਾਲਾ ਭੋਜਨ ਹੈ।

**ਮਾਮਾ ਜੀ—** ਬੇਟਾ, ਅਸੀਂ ਆਪਣੀ ਖ਼ੁਰਾਕ ਦਾ ਕੁੱਝ ਹਿੱਸਾ ਜਾਨਵਰਾਂ ਤੋਂ ਵੀ ਪ੍ਰਾਪਤ ਕਰਦੇ ਹਾਂ। ਅਸੀਂ ਗਾਂ, ਮੱਝ ਅਤੇ ਬੱਕਰੀ ਤੋਂ ਦੁੱਧ ਪ੍ਰਾਪਤ ਕਰਦੇ ਹਾਂ। ਇਸੇ ਦੁੱਧ ਤੋਂ ਹੀ ਦਹੀਂ, ਲੱਸੀ, ਪਨੀਰ, ਮੱਖਣ, ਘਿਓ ਆਦਿ ਤਿਆਰ ਕੀਤੇ ਜਾਂਦੇ ਹਨ। ਮਾਰੂਥਲ ਦੇ ਲੋਕ ਊਠਣੀਂ ਦਾ ਦੁੱਧ ਵੀ ਪੀਂਦੇ ਹਨ। ਪਹਾੜੀ ਖੇਤਰਾਂ ਵਿੱਚ ਯਾਕ ਦਾ ਦੁੱਧ ਵਰਤਿਆ ਜਾਂਦਾ ਹੈ। ਮੁਰਗੀ, ਬੱਤਖ, ਮੱਛੀ ਆਦਿ ਤੋਂ ਸਾਨੂੰ ਮੀਟ ਅਤੇ ਆਂਡੇ ਵੀ ਮਿਲਦੇ ਹਨ।

**ਅਧਿਆਪਕ ਲਈ—** ਦੁੱਧ ਤੋਂ ਲੱਸੀ ਕਿਵੇਂ ਬਣਾਈ ਜਾਂਦੀ ਹੈ ? ਇਸ ਬਾਰੇ ਵਿਦਿਆਰਥੀਆਂ ਨਾਲ਼ ਚਰਚਾ ਕਰੋ।

**ਪ੍ਰਸ਼ਨ 1. ਅਸੀਂ ਕਿਹੜੇ-ਕਿਹੜੇ ਜਾਨਵਰਾਂ ਤੋਂ ਦੁੱਧ ਪ੍ਰਾਪਤ ਕਰਦੇ ਹਾਂ ?**

..............................................................................

..............................................................................

**ਪ੍ਰਸ਼ਨ 2. ਕਿਹੜੀ-ਕਿਹੜੀ ਸਬਜ਼ੀ ਕੱਚੀ ਜਾਂ ਸਲਾਦ ਦੇ ਰੂਪ ਵਿੱਚ ਖਾਧੀ ਜਾ ਸਕਦੀ ਹੈ ?**

..............................................................................

..............................................................................

## ਭੋਜਨ ਦੇ ਪੋਸ਼ਕ ਤੱਤ

**ਮਾਮਾ ਜੀ—**ਬੇਟਾ, ਜਿਹੜਾ ਭੋਜਨ ਅਸੀਂ ਖਾਂਦੇ ਹਾਂ ਉਸ ਵਿੱਚ ਕੁੱਝ ਜ਼ਰੂਰੀ ਪੋਸ਼ਕ ਤੱਤ ਹੁੰਦੇ ਹਨ।

1. **ਕਾਰਬੋਹਾਈਡ੍ਰੇਟਸ** ਅਤੇ **ਚਰਬੀ** ਸਾਡੇ ਸਰੀਰ ਨੂੰ ਊਰਜਾ ਦਿੰਦੇ ਹਨ।
2. **ਪ੍ਰੋਟੀਨ** ਸਾਡੇ ਸਰੀਰ ਦੇ ਵਾਧੇ ਵਿੱਚ ਮਦਦ ਕਰਦਾ ਹੈ।
3. **ਵਿਟਾਮਿਨ** ਅਤੇ **ਖਣਿਜ ਪਦਾਰਥ** ਸਾਡੇ ਸਰੀਰ ਨੂੰ ਬਿਮਾਰੀਆਂ ਤੋਂ ਬਚਾਉਂਦੇ ਹਨ।
4. **ਪਾਣੀ** ਸਰੀਰ ਦਾ ਤਾਪਮਾਨ ਸਥਿਰ ਰੱਖਣ ਅਤੇ ਭੋਜਨ ਪਚਾਉਣ ਵਿੱਚ ਮਦਦ ਕਰਦਾ ਹੈ।

## ਸੰਤੁਲਿਤ ਖੁਰਾਕ

**ਮਾਮਾ ਜੀ—** ਬੇਟਾ, ਸਾਨੂੰ ਕਦੇ ਵੀ ਕਈ ਦਿਨਾਂ ਤੱਕ ਇੱਕ ਪ੍ਰਕਾਰ ਦਾ ਭੋਜਨ ਨਹੀਂ ਖਾਣਾ ਚਾਹੀਦਾ। ਸਾਨੂੰ ਸਾਰੇ ਤਰ੍ਹਾਂ ਦੇ ਭੋਜਨ ਦਾ ਕੁੱਝ ਹਿੱਸਾ ਰੋਜ਼ਾਨਾ ਖਾਣਾ ਚਾਹੀਦਾ ਹੈ। ਇਸ ਨਾਲ਼ ਸਾਡੇ ਸਰੀਰ ਨੂੰ ਸਾਰੇ ਜ਼ਰੂਰੀ ਪੋਸ਼ਕ ਤੱਤ ਮਿਲ ਜਾਣਗੇ ਅਤੇ ਸਰੀਰ ਤੰਦਰੁਸਤ ਰਹੇਗਾ। ਜਿਸ ਖ਼ੁਰਾਕ ਵਿੱਚ ਸਾਰੇ ਪੋਸ਼ਕ ਤੱਤ ਸਹੀ ਮਾਤਰਾ ਵਿੱਚ ਮੌਜੂਦ ਹੁੰਦੇ ਹਨ, ਉਸਨੂੰ **ਸੰਤੁਲਿਤ ਖ਼ੁਰਾਕ** ਕਹਿੰਦੇ ਹਨ।



**ਸੰਤੁਲਿਤ ਭੋਜਨ**

### ਸ਼ਾਕਾਹਾਰੀ ਅਤੇ ਮਾਸਾਹਾਰੀ

ਜਿਹੜੇ ਲੋਕ ਪੌਦਿਆਂ ਤੋਂ ਭੋਜਨ ਪ੍ਰਾਪਤ ਕਰਦੇ ਹਨ ਅਤੇ ਜੰਤੂਆਂ ਦਾ ਦੁੱਧ ਵੀ ਪੀਂਦੇ ਹਨ। ਉਨ੍ਹਾਂ ਨੂੰ **ਸ਼ਾਕਾਹਾਰੀ** ਕਹਿੰਦੇ ਹਨ। ਇਹ ਲੋਕ ਆਂਡੇ ਅਤੇ ਮੀਟ ਨਹੀਂ ਖਾਂਦੇ।

ਜਿਹੜੇ ਲੋਕ ਭੋਜਨ ਵਿੱਚ ਮੀਟ ਅਤੇ ਆਂਡਾ ਖਾਂਦੇ ਹਨ, ਉਨ੍ਹਾਂ ਨੂੰ ਆਮ ਤੌਰ 'ਤੇ **ਮਾਸਾਹਾਰੀ** ਕਹਿੰਦੇ ਹਨ।

### ਖਾਣਾ ਪਕਾਉਣ ਦੇ ਢੰਗ

**ਗੁਰਜੋਤ—** "ਮਾਮਾ ਜੀ, ਇੱਕ ਬੱਚੇ ਨੇ ਦੱਸਿਆ ਕਿ ਉਸਦੇ ਮਾਤਾ ਜੀ ਖਾਣਾ ਭਾਫ਼ ਨਾਲ਼ ਪਕਾਉਂਦੇ ਹਨ। ਕੀ ਸਾਨੂੰ ਭੋਜਨ ਨੂੰ ਪਕਾ ਕੇ ਹੀ ਖਾਣਾ ਚਾਹੀਦਾ ਹੈ ?"

**ਮਾਮਾ ਜੀ—** ਪੁਰਾਣੇ ਸਮੇਂ ਵਿੱਚ ਮਨੁੱਖ ਕੱਚਾ ਭੋਜਨ ਹੀ ਖਾਂਦਾ ਸੀ। ਅੱਗ ਦੀ ਖੋਜ ਤੋਂ ਬਾਅਦ ਉਸਨੇ ਭੋਜਨ ਪਕਾ ਕੇ ਖਾਣਾ ਸ਼ੁਰੂ ਕਰ ਦਿੱਤਾ। ਪਕਾਉਣ ਨਾਲ਼ ਭੋਜਨ ਸਵਾਦ ਅਤੇ ਜਲਦੀ ਪਚਣਯੋਗ ਹੋ ਜਾਂਦਾ ਹੈ।

ਗੱਲਾਂ ਕਰਦੇ ਹੋਏ ਬੱਚੇ ਮਾਮਾ ਜੀ ਨਾਲ਼ ਬਜ਼ਾਰ ਚਲੇ ਗਏ। ਬਜ਼ਾਰ ਵਿੱਚ ਉਨ੍ਹਾਂ ਨੇ ਖਾਣ-ਪੀਣ ਵਾਲੀਆਂ ਵੱਖ-ਵੱਖ ਦੁਕਾਨਾਂ ਦੇਖੀਆਂ। ਮਾਮਾ ਜੀ ਨੇ ਭੋਜਨ ਪਕਾਉਣ ਦੇ ਢੰਗਾਂ ਅਤੇ ਬਰਤਨਾਂ ਬਾਰੇ ਜਾਣਕਾਰੀ ਦਿੱਤੀ।

1. ਉਬਾਲਣਾ (Boiling)— ਚਾਹ, ਕੌਫੀ, ਚਾਵਲ, ਦਾਲ਼ਾਂ, ਸਬਜ਼ੀਆਂ, ਕੜ੍ਹੀ, ਮੀਟ ਆਦਿ ਭੋਜਨ ਨੂੰ ਉਬਾਲ ਕੇ ਬਣਾਇਆ ਜਾਂਦਾ ਹੈ। ਇਸ ਲਈ ਕੜਾਹੀ ਜਾਂ ਪਤੀਲੇ ਦੀ ਵਰਤੋਂ ਕੀਤੀ ਜਾਂਦੀ ਹੈ। ਉਬਾਲਣ ਨਾਲ ਭੋਜਨ ਵਿਚਲੇ ਕੀਟਾਣੂ ਖ਼ਤਮ ਹੋ ਜਾਂਦੇ ਹਨ।



2. ਭਾਫ਼ ਦੁਆਰਾ ਪਕਾਉਣਾ (Steaming)— ਇਸ ਵਿਧੀ ਵਿੱਚ ਭੋਜਨ ਨੂੰ ਭਾਫ਼ ਕੁੱਕਰ ਜਾਂ ਪ੍ਰੈਸ਼ਰ ਕੁੱਕਰ ਰਾਹੀਂ ਭਾਫ਼ ਦੀ ਮਦਦ ਨਾਲ਼ ਪਕਾਇਆ ਜਾਂਦਾ ਹੈ। ਜਿਵੇਂ— ਚਾਵਲ, ਇਡਲੀ, ਢੋਕਲਾ ਅਤੇ ਮੋਮੋਜ਼।



3. ਬੇਕਿੰਗ (Baking)— ਇਸ ਵਿਧੀ ਵਿੱਚ ਭੋਜਨ ਨੂੰ ਭੱਠੀ ਵਿੱਚ ਰੱਖ ਕੇ ਸੇਕ ਨਾਲ਼ ਪਕਾਇਆ ਜਾਂਦਾ ਹੈ। ਜਿਵੇਂ—ਕੇਕ, ਬਿਸਕੁਟ, ਬਰੈੱਡ, ਡਬਲਰੋਟੀ ਅਤੇ ਪੈਟੀਜ਼ ਆਦਿ।



4. ਭੁੰਨਣਾ (Roasting)— ਛੱਲੀ, ਪਾਪੜ, ਸ਼ੱਕਰਕੰਦੀ ਆਦਿ ਭੋਜਨ ਨੂੰ ਸਿੱਧਾ ਅੱਗ 'ਤੇ ਭੁੰਨ ਕੇ ਪਕਾਇਆ ਜਾਂਦਾ ਹੈ।



**5. ਤਲਣਾ (Frying)—** ਇਸ ਵਿਧੀ ਰਾਹੀਂ ਭੋਜਨ ਨੂੰ ਗਰਮ ਤੇਲ ਵਿੱਚ ਪਾ ਕੇ ਪਕਾਇਆ ਜਾਂਦਾ ਹੈ। ਜਿਵੇਂ-ਪੂਰੀਆਂ, ਪਕੌੜੇ, ਸਮੋਸੇ ਅਤੇ ਜਲੇਬੀਆਂ ਆਦਿ।



**ਕਿਰਿਆ-3 :** ਘਰ ਵਿੱਚ ਵੱਖ-ਵੱਖ ਢੰਗਾਂ ਨਾਲ ਪਕਾਏ ਜਾਂਦੇ ਭੋਜਨ ਦੀ ਸੂਚੀ ਬਣਾਓ।

| ਲੜੀ ਨੰ. | ਭੋਜਨ ਦਾ ਨਾਂ | ਭੋਜਨ ਪਕਾਉਣ ਦੀ ਵਿਧੀ |
|---|---|---|
| | | |
| | | |
| | | |
| | | |

## ਭੋਜਨ ਪਕਾਉਣ ਲਈ ਬਰਤਨ

ਆਮ ਤੌਰ ਤੇ ਲੋਕ ਭੋਜਨ ਪਕਾਉਣ ਲਈ ਕਈ ਤਰ੍ਹਾਂ ਦੇ ਬਰਤਨਾਂ ਦੀ ਵਰਤੋਂ ਕਰਦੇ ਹਨ। ਘਰਾਂ ਵਿੱਚ ਛੋਟੇ ਅਤੇ ਢਾਬੇ ਵਿੱਚ ਵੱਡੇ ਬਰਤਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪੁਰਾਣੇ ਸਮੇਂ ਵਿੱਚ ਲੋਕ ਮਿੱਟੀ ਦੇ ਭਾਂਡੇ ਵਰਤਦੇ ਸਨ ਪਰ ਦੁੱਧ ਨੂੰ ਗਰਮ ਕਰਨ ਲਈ ਅਤੇ ਸਾਗ ਬਣਾਉਣ ਲਈ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਹੁਣ ਵੀ ਕੀਤੀ ਜਾਂਦੀ ਹੈ। ਅੱਜ-ਕੱਲ੍ਹ ਲੋਹੇ, ਐਲੂਮੀਨੀਅਮ, ਤਾਂਬੇ, ਪਿੱਤਲ ਅਤੇ ਸਟੀਲ ਦੇ ਬਰਤਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਨਾਨ -ਸਟਿਕ ਬਰਤਨ ਵੀ ਵਰਤੇ ਜਾਂਦੇ ਹਨ।

**ਕਿਰਿਆ-4 :** ਵੱਖ-ਵੱਖ ਬਰਤਨਾਂ ਦੇ ਹੇਠਾਂ ਉਹਨਾਂ ਦੇ ਨਾਂ ਲਿਖੋ।





1. .......................... 2. .......................... 3. ..........................





4\. ..........................   5. ..........................

**ਚੁੱਲ੍ਹੇ ਅਤੇ ਬਾਲਣ**—ਭੋਜਨ ਨੂੰ ਪਕਾਉਣ ਲਈ ਕਈ ਪ੍ਰਕਾਰ ਦੇ ਚੁੱਲ੍ਹੇ ਅਤੇ ਬਾਲਣ ਵਰਤੇ ਜਾਂਦੇ ਹਨ। ਪਿੰਡਾਂ ਵਿੱਚ ਭੋਜਨ ਪਕਾਉਣ ਲਈ ਮਿੱਟੀ ਦੇ ਚੁੱਲ੍ਹੇ, ਤੰਦੂਰ ਅਤੇ ਅੰਗੀਠੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚ ਗੋਹੇ ਦੀਆਂ ਪਾਥੀਆਂ, ਲੱਕੜ ਅਤੇ ਕੋਲੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਨਾਲ਼ ਭੋਜਨ ਪਕਾਉਣ 'ਤੇ ਬਹੁਤ ਧੂੰਆਂ ਪੈਦਾ ਹੁੰਦਾ ਹੈ ਅਤੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ। ਇਸ ਧੂੰਏ ਨਾਲ਼ ਖਾਣਾ ਪਕਾਉਣ ਵਾਲੇ ਨੂੰ ਸਾਹ ਦੀਆਂ ਬਿਮਾਰੀਆਂ ਵੀ ਹੋ ਸਕਦੀਆਂ ਹਨ। ਇਸ ਲਈ ਅੱਜ-ਕੱਲ੍ਹ ਭੋਜਨ ਪਕਾਉਣ ਲਈ ਗੋਬਰ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ।

**ਕਿਰਿਆ-5 :** ਵੱਖ-ਵੱਖ ਚੁੱਲ੍ਹਿਆਂ ਅਤੇ ਬਾਲਣਾਂ ਦੇ ਹੇਠਾਂ ਉਨ੍ਹਾਂ ਦੇ ਨਾਂ ਲਿਖੋ





1\. ..........................   2. ..........................





3\. ..........................   4. ..........................





5. ........................ 6. ........................





7. ........................ 8. ........................

ਸ਼ਹਿਰਾਂ ਵਿੱਚ ਐਲ.ਪੀ.ਜੀ. (*L.P.G*–ਤਰਲ ਪੈਟਰੋਲੀਅਮ ਗੈਸ) ਸਿਲੰਡਰ ’ਤੇ ਚੱਲਣ ਵਾਲੇ ਚੁੱਲ੍ਹਿਆਂ ਅਤੇ ਭੱਠੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਹਲਵਾਈ ਮਠਿਆਈ ਬਣਾਉਣ ਲਈ ਡੀਜ਼ਲ ਅਤੇ ਮਿੱਟੀ ਦੇ ਤੇਲ ’ਤੇ ਚੱਲਣ ਵਾਲੀਆਂ ਭੱਠੀਆਂ ਦੀ ਵਰਤੋਂ ਕਰਦੇ ਹਨ। ਸੂਰਜੀ ਊਰਜਾ ਤੋਂ ਚੱਲਣ ਵਾਲੇ ਸੋਲਰ ਕੁੱਕਰ ਅਤੇ ਬਿਜਲੀ ਤੇ ਚੱਲਣ ਵਾਲੇ ਮਾਈਕਰੋਵੇਵ ਓਵਨ ਵੀ ਖਾਣਾ ਬਣਾਉਣ ਲਈ ਵਰਤੇ ਜਾਂਦੇ ਹਨ।

ਮਾਮਾ ਜੀ ਦੀਆਂ ਗੱਲਾਂ ਬਹੁਤ ਜਾਣਕਾਰੀ ਭਰਪੂਰ ਸਨ। ਸਾਰੇ ਬੱਚੇ ਹੱਸਦੇ ਖੇਡਦੇ ਘਰ ਵਾਪਸ ਆ ਗਏ।



## ਯਾਦ ਰੱਖਣ ਯੋਗ ਗੱਲਾਂ

- ਮਨੁੱਖ ਨੂੰ ਜਿਉਂਦੇ ਰਹਿਣ ਲਈ ਹਵਾ, ਪਾਣੀ ਅਤੇ ਭੋਜਨ ਦੀ ਜ਼ਰੂਰਤ ਹੈ।
- ਭੋਜਨ ਵਿੱਚ ਕਾਰਬੋਹਾਈਡ੍ਰੇਟਸ, ਚਰਬੀ, ਪ੍ਰੋਟੀਨ, ਵਿਟਾਮਿਨ ਅਤੇ ਖਣਿਜ ਪਦਾਰਥ ਆਦਿ ਜ਼ਰੂਰੀ ਪੋਸ਼ਕ ਤੱਤ ਹੁੰਦੇ ਹਨ।
- ਸੰਤੁਲਿਤ ਖ਼ੁਰਾਕ ਵਿੱਚ ਸਾਰੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ।
- ਮਨੁੱਖ ਆਪਣਾ ਭੋਜਨ ਪੌਦਿਆਂ ਅਤੇ ਜਾਨਵਰਾਂ ਤੋਂ ਪ੍ਰਾਪਤ ਕਰਦੇ ਹਨ।
- ਸਾਡੇ ਘਰਾਂ ਵਿੱਚ ਵਰਤੇ ਜਾਂਦੇ ਸਿਲੰਡਰਾਂ ਵਿੱਚ ਐਲ.ਪੀ.ਜੀ ਜਾਂ ਤਰਲ ਪੈਟਰੋਲੀਅਮ ਗੈਸ ਹੁੰਦੀ ਹੈ।



3. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।**

(ੳ) ਗੋਹੇ ਦੀਆਂ ਪਾਥੀਆਂ ਨੂੰ ਬਾਲਣ ਨਾਲ ਧੂੰਆਂ ਪੈਦਾ ਨਹੀਂ ਹੁੰਦਾ। ☐

(ਅ) ਪੁਰਾਣੇ ਸਮੇਂ ਵਿੱਚ ਮਿੱਟੀ ਦੇ ਭਾਂਡੇ ਵਰਤੇ ਜਾਂਦੇ ਸਨ। ☐

(ੲ) ਗੋਬਰ ਗੈਸ ਪਸ਼ੂਆਂ ਦੇ ਗੋਹੇ ਤੋਂ ਪੈਦਾ ਕੀਤੀ ਜਾਂਦੀ ਹੈ। ☐

4. **ਅੱਜ-ਕੱਲ੍ਹ ਸ਼ਹਿਰੀ ਘਰਾਂ ਵਿੱਚ ਕਿਹੜੀ ਗੈਸ ਦੇ ਸਿਲੰਡਰ ਦੀ ਮਦਦ ਨਾਲ਼ ਖਾਣਾ ਪਕਾਇਆ ਜਾਂਦਾ ਹੈ ?**

.............................................................................................

5. **ਸੂਰਜੀ ਕਿਰਨਾਂ ਦੀ ਗਰਮੀ ਨਾਲ਼ ਕੰਮ ਕਰਨ ਵਾਲੇ ਚੁੱਲ੍ਹੇ ਦਾ ਕੀ ਨਾਂ ਹੈ।**

.............................................................................................



**ਭੋਜਨ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ।**

*****



ਪਾਠ-10

# ਪਰਿਵਾਰ ਅਤੇ ਜਾਨਵਰ

ਨੂਰਾਂ ਦੇ ਘਰ ਵਿੱਚ ਉਸਦਾ ਛੋਟਾ ਭਰਾ, ਮਾਤਾ-ਪਿਤਾ ਅਤੇ ਦਾਦਾ-ਦਾਦੀ ਜੀ ਰਹਿੰਦੇ ਹਨ। ਉਹਨਾਂ ਨੇ ਘਰ ਵਿੱਚ ਕੁੱਝ ਪਾਲਤੂ ਜਾਨਵਰ ਵੀ ਰੱਖੇ ਹੋਏ ਹਨ।

ਉਸਦੇ ਪਰਿਵਾਰ ਦੇ ਮੈਂਬਰ ਇੱਕੋ ਜਿਹਾ ਭੋਜਨ ਨਹੀਂ ਖਾਂਦੇ। ਉਹ ਸਾਰੇ ਆਪਣੀ ਉਮਰ, ਕੰਮ ਅਤੇ ਸਰੀਰਕ ਲੋੜਾਂ ਦੇ ਅਨੁਸਾਰ ਹੀ ਭੋਜਨ ਖਾਂਦੇ ਹਨ।

ਉਸਦੇ ਦਾਦਾ ਅਤੇ ਦਾਦੀ ਜੀ ਬਜ਼ੁਰਗ ਹਨ। ਉਮਰ ਜ਼ਿਆਦਾ ਹੋਣ ਕਾਰਨ ਉਹ ਖੇਤੀ-ਬਾੜੀ ਅਤੇ ਪਸ਼ੂਆਂ ਦੀ ਦੇਖਭਾਲ ਨਹੀਂ ਕਰ ਸਕਦੇ। ਉਨ੍ਹਾਂ ਦੇ ਦੰਦ ਵੀ ਨਹੀਂ ਹਨ ਅਤੇ ਬੈਠੇ ਰਹਿਣ ਕਾਰਨ ਭੋਜਨ ਹਜ਼ਮ ਵੀ ਘੱਟ ਹੁੰਦਾ ਹੈ। ਇਸ ਲਈ ਉਹ ਹਲਕਾ-ਫੁਲਕਾ ਅਤੇ ਘੱਟ ਮਾਤਰਾ ਵਿੱਚ ਹੀ ਭੋਜਨ ਖਾਂਦੇ ਹਨ। ਬਿਮਾਰ ਹੋਣ ’ਤੇ ਉਹ ਗਾਂ ਦਾ ਦੁੱਧ ਪੀਂਦੇ ਅਤੇ ਦਲੀਆ ਜਾਂ ਖਿਚੜੀ ਖਾਂਦੇ ਹਨ।



ਉਸਦੇ ਭਰਾ ਦੀ ਉਮਰ 6 ਮਹੀਨੇ ਹੈ। ਉਹ ਛੋਟਾ ਹੋਣ ਕਾਰਨ ਮਾਤਾ ਜੀ ਦਾ ਦੁੱਧ ਹੀ ਪੀਂਦਾ ਹੈ। ਮਾਂ ਦੇ ਦੁੱਧ ਵਿੱਚ ਛੋਟੇ ਬੱਚਿਆਂ ਦੇ ਸਰੀਰ ਦੇ ਵਧਣ-ਫੁੱਲਣ ਲਈ ਜ਼ਰੂਰੀ ਪੋਸ਼ਕ ਤੱਤ ਮੌਜੂਦ ਹੁੰਦੇ ਹਨ। ਮਾਂ ਦਾ ਦੁੱਧ ਬੱਚੇ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ। ਉਸਦੇ ਮਾਤਾ ਜੀ ਭਰਾ ਦੇ ਵੱਡਾ ਹੋਣ ’ਤੇ ਉਸਨੂੰ ਦੁੱਧ ਦੇ ਨਾਲ਼-ਨਾਲ਼ ਕੇਲਾ, ਦਲੀਆ, ਦਾਲਾਂ, ਸਬਜ਼ੀਆਂ ਦਾ ਪਾਣੀ ਅਤੇ ਉੱਬਲਿਆ ਹੋਇਆ ਆਂਡਾ ਵੀ ਦਿਆ ਕਰਨਗੇ।

ਨੂਰਾਂ ਨੱਚਦੀ-ਟੱਪਦੀ ਰਹਿਣ ਕਾਰਨ ਸਾਰਾ ਦਿਨ ਕੁਝ ਨਾ ਕੁਝ ਖਾਂਦੀ ਰਹਿੰਦੀ ਹੈ। ਘਰ ਵਿੱਚ ਬਣਨ ਵਾਲੇ ਭੋਜਨ ਦੇ ਨਾਲ਼-ਨਾਲ਼ ਉਹ ਬਰਗਰ, ਪੀਜ਼ਾ ਅਤੇ ਬਜਾਰੂ ਖਾਧ-ਪਦਾਰਥ (ਜੰਕ-ਫੂਡ) ਖਾਣ ਦੀ ਵੀ ਬਹੁਤ ਸ਼ੌਕੀਨ ਹੈ। ਜੰਕ-ਫੂਡ ਖਾਣ ਨਾਲ ਉਹ ਕਈ ਵਾਰ ਬਿਮਾਰ ਵੀ ਹੋ ਗਈ ਅਤੇ ਮੋਟੀ ਵੀ ਹੋ ਗਈ ਹੈ। ਉਸਦੇ ਮਾਤਾ ਜੀ ਉਸਨੂੰ ਇਹ ਜੰਕ-ਫੂਡ ਖਾਣ ਤੋਂ ਮਨ੍ਹਾ ਕਰਦੇ ਹਨ।

ਪਿਤਾ ਜੀ ਸਾਰਾ ਦਿਨ ਖੇਤ ਵਿੱਚ ਖੇਤੀ-ਬਾੜੀ ਦਾ ਕੰਮ ਕਰਦੇ ਹਨ। ਇਸ ਲਈ ਉਹ ਪੇਟ ਭਰ ਕੇ ਭੋਜਨ ਖਾਂਦੇ ਹਨ। ਹਰੀਆਂ ਸਬਜ਼ੀਆਂ, ਦਾਲਾਂ, ਸੁੱਕੇ ਮੇਵੇ, ਦੁੱਧ, ਦਹੀਂ, ਘਿਉ ਅਤੇ ਮੱਖਣ ਆਦਿ ਉਹਨਾਂ ਦੀ ਰੋਜ਼ਾਨਾ ਖ਼ੁਰਾਕ ਵਿੱਚ ਸ਼ਾਮਲ ਹੁੰਦੇ ਹਨ।

ਮਾਤਾ ਜੀ ਸਾਰਾ ਦਿਨ ਘਰੇਲੂ ਕੰਮ ਕਰਦੇ ਹਨ। ਉਹ ਉਸਦੇ ਛੋਟੇ ਭਰਾ ਨੂੰ ਦੁੱਧ ਵੀ ਪਿਲਾਉਂਦੇ ਹਨ। ਇਸ ਲਈ ਉਹ ਦੁੱਧ, ਪਨੀਰ ਅਤੇ ਹਰੀਆਂ ਸਬਜ਼ੀਆਂ ਵਾਲਾ ਭੋਜਨ ਖਾਂਦੇ ਹਨ।

ਨੂਰਾਂ ਦੇ ਮਾਤਾ ਜੀ ਅਤੇ ਦਾਦੀ ਜੀ ਮਿਲ-ਜੁਲ ਕੇ ਬਹੁਤ ਸਵਾਦ ਅਤੇ ਪੌਸ਼ਟਿਕ ਖਾਣਾ ਬਣਾਉਂਦੇ ਹਨ। ਉਨ੍ਹਾਂ ਦੇ ਘਰ ਵਿੱਚ ਸਭ ਤੋਂ ਪਹਿਲਾਂ ਦਾਦਾ ਅਤੇ ਦਾਦੀ ਜੀ ਭੋਜਨ ਖਾਂਦੇ ਹਨ। ਨੂਰਾਂ ਦਾਦਾ ਅਤੇ ਦਾਦੀ ਜੀ ਨੂੰ ਖੁਸ਼ੀ-ਖੁਸ਼ੀ ਰੋਟੀ ਖਵਾਉਂਦੀ ਹੈ ਅਤੇ ਜੂਠੇ ਭਾਂਡੇ ਵੀ ਚੁੱਕਦੀ ਹੈ। ਇਸ ਕਰਕੇ ਉਸਦੇ ਘਰ ਦੇ ਮੈਂਬਰ ਉਸਨੂੰ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਦੇ ਘਰ ਵਿੱਚ ਸਭ ਤੋਂ ਅਖ਼ੀਰ ਵਿੱਚ ਨੂਰਾਂ ਅਤੇ ਉਸਦੇ ਮਾਤਾ-ਪਿਤਾ ਇਕੱਠੇ ਬੈਠ ਕੇ ਖਾਣਾ ਖਾਂਦੇ ਹਨ। ਉਸਦਾ ਭਰਾ ਦੁੱਧ ਪੀ ਕੇ ਜਲਦੀ ਹੀ ਸੌਂ ਜਾਂਦਾ ਹੈ।

ਖਾਣਾ ਤਿਆਰ ਕਰਨ ਲਈ ਉਸਦੇ ਪਿਤਾ ਜੀ ਸਬਜ਼ੀਆਂ, ਦਾਲਾਂ, ਅਨਾਜ ਖੇਤਾਂ ਵਿੱਚ ਹੀ ਉਗਾ ਲੈਂਦੇ ਹਨ। ਬਨਸਪਤੀ ਘਿਉ, ਤੇਲ, ਨਮਕ ਅਤੇ ਮਸਾਲੇ ਆਦਿ ਬਜ਼ਾਰ ਵਿੱਚੋਂ ਖ਼ਰੀਦ ਲੈਂਦੇ ਹਨ। ਦੁੱਧ ਉਹ ਆਪਣੇ ਪਾਲਤੂ ਪਸ਼ੂਆਂ ਤੋਂ ਪ੍ਰਾਪਤ ਕਰ ਲੈਂਦੇ ਹਨ।

**ਬੱਚਿਓ ! ਦੁੱਧ ਇੱਕ ਸੰਪੂਰਨ ਆਹਾਰ ਹੈ।** ਆਪਣੇ ਘਰ ਵਿੱਚ ਸਾਰੇ ਮੈਂਬਰਾਂ ਨੂੰ ਦੁੱਧ ਦੀ ਮਹੱਤਤਾ ਬਾਰੇ ਜ਼ਰੂਰ ਦੱਸੋ।

**1. ਖ਼ਾਲੀ ਥਾਂਵਾਂ ਭਰੋ—**

**(ਮਾਤਾ ਜੀ, ਮੋਟਾਪਾ, ਵੱਖ-ਵੱਖ, ਦੁੱਧ, ਪਿਤਾ ਜੀ)**

(ੳ) .................... ਇੱਕ ਸੰਪੂਰਨ ਖੁਰਾਕ ਹੈ।

(ਅ) ਸਾਡੇ ਪਰਿਵਾਰ ਦੇ ਸਾਰੇ ਮੈਂਬਰ .................... ਤਰ੍ਹਾਂ ਦਾ ਭੋਜਨ ਪਸੰਦ ਕਰਦੇ ਹਨ।

(ੲ) .................... ਕੁਝ ਖਾਧ ਪਦਾਰਥ ਖਰੀਦ ਕੇ ਵੀ ਲਿਆਉਂਦੇ ਹਨ।

(ਸ) ਬਰਗਰ ਅਤੇ ਨੂਡਲਜ਼ ਖਾਣ ਨਾਲ਼ .................... ਹੋ ਜਾਂਦਾ ਹੈ।

(ਹ) ਸਾਡੇ ਘਰ ਵਿੱਚ .................... ਖਾਣਾ ਬਣਾਉਂਦੇ ਹਨ।

**ਪ੍ਰਸ਼ਨ 2. ਹਲਕਾ-ਫੁਲਕਾ ਭੋਜਨ ਕਿਹੜਾ ਹੁੰਦਾ ਹੈ ?**

..........................................................................................

..........................................................................................

**ਪ੍ਰਸ਼ਨ 3. ਨੂਰਾਂ ਦੇ ਪਿਤਾ ਜੀ ਕਿਹੜਾ-ਕਿਹੜਾ ਖਾਧ ਪਦਾਰਥ ਬਜ਼ਾਰ ਵਿੱਚੋਂ ਲੈ ਕੇ ਆਉਂਦੇ ਹਨ ?**

..........................................................................................

..........................................................................................

**ਪ੍ਰਸ਼ਨ 4. ਨੂਰਾਂ ਦੇ ਭਰਾ ਨੂੰ ਦੁੱਧ ਦੇ ਨਾਲ਼-ਨਾਲ਼ ਉਸਦੇ ਮਾਤਾ ਜੀ ਕੀ ਖਾਣ ਨੂੰ ਦੇਣਗੇ ?**

..........................................................................................

..........................................................................................

## ਪਾਲਤੂ ਪਸ਼ੂਆਂ ਦੀ ਦੇਖਭਾਲ ਅਤੇ ਭੋਜਨ

ਨੂਰਾਂ ਦੇ ਘਰ ਵਿੱਚ ਗਾਂ, ਮੱਝ, ਕੁੱਤਾ, ਬੱਕਰੀ, ਮੁਰਗੀਆਂ, ਬਲਦ ਅਤੇ ਊਠ ਵਰਗੇ ਪਾਲਤੂ ਜਾਨਵਰ ਵੀ ਹਨ। ਉਸਦੇ ਪਿਤਾ ਜੀ ਇਨ੍ਹਾਂ ਜਾਨਵਰਾਂ ਤੋਂ ਖੇਤੀ ਦੇ ਕੰਮ ਵਿੱਚ ਵੀ ਮਦਦ ਲੈਂਦੇ ਹਨ। ਮਾਤਾ ਜੀ ਪਸ਼ੂਆਂ ਤੋਂ ਦੁੱਧ ਅਤੇ ਮੁਰਗੀਆਂ ਤੋਂ ਆਂਡੇ ਪ੍ਰਾਪਤ ਕਰਦੇ ਹਨ। ਉਸਦੇ ਪਿਤਾ ਜੀ ਘੋੜੇ ਰੱਖਣ ਦੇ ਵੀ ਸ਼ੌਕੀਨ ਹਨ। ਉਨ੍ਹਾਂ ਦਾ ਡੱਬੂ ਕੁੱਤਾ ਜਾਨਵਰਾਂ ਅਤੇ ਘਰ ਦੀ ਰਖਵਾਲੀ ਕਰਦਾ ਹੈ। ਨੂਰਾਂ ਡੱਬੂ ਨੂੰ ਬਹੁਤ ਪਿਆਰ ਕਰਦੀ ਹੈ।

ਉਸਦੇ ਮਾਤਾ ਅਤੇ ਦਾਦੀ ਜੀ ਵੀ ਇਨ੍ਹਾਂ ਜਾਨਵਰਾਂ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਉਨ੍ਹਾਂ ਦੀ ਹੇਠ ਅਨੁਸਾਰ ਦੇਖਭਾਲ ਕਰਦੇ ਹਨ।


1. ਪਾਲਤੂ ਪਸ਼ੂਆਂ ਨੂੰ ਸਮੇਂ ਸਿਰ ਭੋਜਨ ਦਿੰਦੇ ਹਨ।
2. ਉਨ੍ਹਾਂ ਨੂੰ ਪਾਣੀ ਪਿਆਉਂਦੇ ਅਤੇ ਨਵ੍ਹਾਉਂਦੇ ਹਨ।

3. ਪਸ਼ੂਆਂ ਨੂੰ ਸਰਦੀ ਅਤੇ ਗਰਮੀ ਤੋਂ ਬਚਾਉਣ ਲਈ ਸ਼ੈੱਡ ਹੇਠਾਂ ਰੱਖਦੇ ਹਨ।

4. ਪਸ਼ੂਆਂ ਦੇ ਬਿਮਾਰ ਹੋਣ ਤੇ ਡਾਕਟਰ ਤੋਂ ਇਲਾਜ ਕਰਵਾਉਂਦੇ ਹਨ।

5. ਉਨ੍ਹਾਂ ਨੂੰ ਜੰਗਲੀ ਜਾਨਵਰਾਂ ਤੋਂ ਬਚਾ ਕੇ ਰੱਖਦੇ ਹਨ।





ਚਿੱਤਰ—ਘਰ ਵਿੱਚ ਪਾਲਤੂ ਜਾਨਵਰਾਂ ਦੀ ਦੇਖਭਾਲ

**ਨੂਰਾਂ** ਦੇ ਪਰਿਵਾਰ ਦੇ ਮੈਂਬਰਾਂ ਵਾਂਗ ਹੀ ਆਲ਼ੇ-ਦੁਆਲ਼ੇ ਦੇ ਜੀਵ-ਜੰਤੂ ਵੀ ਵੱਖਰਾ-ਵੱਖਰਾ ਭੋਜਨ ਖਾਂਦੇ ਹਨ। ਇਨ੍ਹਾਂ ਜੰਤੂਆਂ ਦੇ ਨਿਵਾਸ ਸਥਾਨ ਵੀ ਅਲੱਗ-ਅਲੱਗ ਹੁੰਦੇ ਹਨ।

1. ਬਿੱਲੀ ਅਤੇ ਕੁੱਤਾ ਦੁੱਧ ਪੀਂਦੇ ਹਨ ਅਤੇ ਰੋਟੀ ਵੀ ਖਾ ਲੈਂਦੇ ਹਨ। ਇਹ ਕਦੇ-ਕਦੇ ਪੰਛੀਆਂ ਅਤੇ ਚੂਹਿਆਂ ਨੂੰ ਵੀ ਖਾ ਜਾਂਦੇ ਹਨ।
2. ਮੁਰਗੀਆਂ ਦਾਣੇ ਅਤੇ ਛੋਟੇ-ਛੋਟੇ ਕੀੜੇ-ਮਕੌੜੇ ਖਾਂਦੀਆਂ ਹਨ।
3. ਬੱਕਰੀਆਂ ਅਤੇ ਭੇਡਾਂ ਘਾਹ ਅਤੇ ਦਰਖ਼ਤਾਂ ਦੇ ਪੱਤੇ ਖਾਂਦੀਆਂ ਹਨ।
4. ਮੁਰਗੀਆਂ ਖੁੱਡੇ ਵਿੱਚ, ਬੱਕਰੀਆਂ ਅਤੇ ਭੇਡਾਂ ਵਾੜੇ ਵਿੱਚ, ਪਸ਼ੂ ਸ਼ੈੱਡ ਹੇਠਾਂ ਅਤੇ ਘੋੜਾ ਤਬੇਲੇ ਵਿੱਚ ਰਹਿੰਦਾ ਹੈ।
5. ਗਾਂ, ਮੱਝ ਅਤੇ ਬਲਦ ਹਰਾ-ਚਾਰਾ ਖਾਂਦੇ ਹਨ। ਘੋੜਾ ਛੋਲੇ ਅਤੇ ਊਠ ਗੁਆਰੇ ਦੀ ਤੂੜੀ (ਨੀਰਾ) ਖਾਂਦਾ ਹੈ।

### ਜੰਗਲੀ ਜਾਨਵਰ ਅਤੇ ਭੋਜਨ

ਡੱਡੂ, ਕਿਰਲੀ, ਕਾਕਰੋਚ ਅਤੇ ਚੂਹੇ ਆਦਿ ਰਾਤ ਨੂੰ ਬਾਹਰ ਆਉਂਦੇ ਹਨ। ਸੱਪ, ਗਲਹਿਰੀ, ਚਿੜੀਆਂ ਅਤੇ ਬਾਜ ਵਰਗੇ ਜਾਨਵਰ ਭੋਜਨ ਦੀ ਤਲਾਸ਼ ਅਤੇ ਛੁਪਣ ਲਈ ਨੂਰਾਂ ਦੇ ਘਰ ਚੁਪਕੇ ਜਿਹੇ ਆ ਜਾਂਦੇ ਹਨ। ਇਨ੍ਹਾਂ ਨੂੰ ਅਸੀਂ ਪਾਲਤੂ ਨਹੀਂ ਬਣਾ ਸਕਦੇ। ਸ਼ੇਰ, ਚੀਤਾ,

ਅਜਗਰ, ਹਾਥੀ ਅਤੇ ਹਿਰਨ ਆਦਿ ਜੰਗਲਾਂ ਵਿੱਚ ਹੀ ਰਹਿੰਦੇ ਹਨ। ਇਹ ਜੰਗਲੀ ਜਾਨਵਰ ਹੁੰਦੇ ਹਨ। ਇਨ੍ਹਾਂ ਵਿੱਚੋਂ ਕੁੱਝ ਜਾਨਵਰ ਘਾਹ ਅਤੇ ਕੁੱਝ ਮਾਸ ਖਾਂਦੇ ਹਨ। ਇਨ੍ਹਾਂ ਤੋਂ ਕਈ ਵਾਰ ਸਾਨੂੰ ਅਤੇ ਸਾਡੇ ਪਾਲਤੂ ਪਸ਼ੂਆਂ ਨੂੰ ਖ਼ਤਰਾ ਹੋ ਸਕਦਾ ਹੈ।

**ਕਿਰਿਆ-1 : ਹੇਠ ਦਿੱਤੇ ਚਿੱਤਰਾਂ ਦੇ ਹੇਠਾਂ ਜੰਗਲੀ ਜਾਨਵਰਾਂ ਦੇ ਨਾਂ ਲਿਖੋ।**



1. ..........................



2. ..........................



3. ..........................



4. ..........................



## ਯਾਦ ਰੱਖਣ ਯੋਗ ਗੱਲਾਂ

- ਛੋਟੇ ਬੱਚਿਆਂ ਲਈ ਦੁੱਧ ਇੱਕ ਸੰਪੂਰਨ ਖ਼ੁਰਾਕ ਹੈ।
- ਫਾਸਟ ਫੂਡ ਖਾਣ ਨਾਲ਼ ਮੋਟਾਪਾ ਹੋ ਜਾਂਦਾ ਹੈ।
- ਘਰ ਵਿੱਚ ਰੱਖੇ ਜਾਣ ਵਾਲੇ ਜਾਨਵਰਾਂ ਨੂੰ ਪਾਲਤੂ ਜਾਨਵਰ ਕਹਿੰਦੇ ਹਨ।
- ਜੰਗਲੀ ਜਾਨਵਰਾਂ ਨੂੰ ਘਰਾਂ ਵਿੱਚ ਨਹੀਂ ਰੱਖਿਆ ਜਾ ਸਕਦਾ।



5. ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।

(ੳ) ਜਾਨਵਰਾਂ ਨੂੰ ਭੋਜਨ ਅਤੇ ਪਾਣੀ ਦੇਣਾ ਚਾਹੀਦਾ ਹੈ। ☐

(ਅ) ਸ਼ੇਰ ਇੱਕ ਪਾਲਤੂ ਜਾਨਵਰ ਹੈ। ☐

(ੲ) ਕੁੱਤਾ ਇੱਕ ਵਫ਼ਾਦਾਰ ਜਾਨਵਰ ਹੈ। ☐

(ਸ) ਊਠ ਅਤੇ ਬਲਦ ਖੇਤੀ ਦੇ ਕੰਮ ਵਿੱਚ ਕਿਸਾਨ ਦੀ ਮਦਦ ਕਰਦੇ ਹਨ। ☐

(ਹ) ਮੁਰਗੀਆਂ ਤੋਂ ਸਾਨੂੰ ਉੱਨ ਮਿਲਦੀ ਹੈ। ☐

ਪ੍ਰਸ਼ਨ 6. ਕੁੱਝ ਪਾਲਤੂ ਜਾਨਵਰਾਂ ਦੇ ਨਾਂ ਲਿਖੋ।

..........................................................................................

..........................................................................................

ਪ੍ਰਸ਼ਨ 7. ਕੁੱਝ ਜੰਗਲੀ ਜਾਨਵਰਾਂ ਦੇ ਨਾਂ ਲਿਖੋ।

..........................................................................................

..........................................................................................

ਪ੍ਰਸ਼ਨ 8. ਚੂਹਾ ਘਰ ਵਿੱਚ ਕੀ ਖਾਣ ਆਉਂਦਾ ਹੈ ?

..........................................................................................

..........................................................................................

ਪ੍ਰਸ਼ਨ 9. ਸੱਪ ਕਦੇ-ਕਦੇ ਸਾਡੇ ਘਰ ਵਿੱਚ ਕਿਉਂ ਆ ਜਾਂਦੇ ਹਨ ?

..........................................................................................

..........................................................................................



ਜਾਨਵਰਾਂ ਨੂੰ ਪਿਆਰ ਕਰਨਾ ਚਾਹੀਦਾ ਹੈ। ਜੇਕਰ ਕਿਸੇ ਜਾਨਵਰ ਨੂੰ ਤੁਸੀਂ ਤੰਗ ਕਰੋਗੇ, ਉਹ ਬਦਲੇ ਵਿੱਚ ਤੁਹਾਨੂੰ ਤੰਗ ਕਰੇਗਾ। ਉਹ ਸਾਡੇ ਆਲ਼ੇ ਦੁਆਲ਼ੇ ਨੂੰ ਸੁੰਦਰ ਬਣਾਉਂਦੇ ਹਨ। ਸੋਚੋ ! ਕਿੰਨਾ ਵਧੀਆ ਹੋਵੇਗਾ ਜੇ ਕੋਈ ਪੰਛੀ ਜਾਂ ਜਾਨਵਰ ਤੁਹਾਡਾ ਦੋਸਤ ਬਣ ਜਾਵੇ।

*****



ਪਾਠ-11

# ਸਾਡਾ ਆਵਾਸ

ਅੱਜ ਖੇਡ-ਖੇਡ ਵਿੱਚ ਸਾਡੀ ਜਮਾਤ ਦੇ ਬੱਚੇ ਮਿੱਟੀ ਦੇ ਘਰ ਬਣਾ ਕੇ ਖੁਸ਼ ਹੋ ਰਹੇ ਸਨ। ਉਨ੍ਹਾਂ ਦੇ ਕੋਲ ਖੜ੍ਹੇ ਅਧਿਆਪਕ ਨੇ ਉਹਨਾਂ ਨੂੰ ਪੁੱਛਿਆ, "ਸਾਨੂੰ ਘਰ ਬਣਾਉਣ ਦੀ ਲੋੜ ਕਿਉਂ ਪੈਂਦੀ ਹੈ ?"

ਇਹ ਸੁਣ ਕੇ ਕਿਰਨ ਨੇ ਉੱਚੀ ਅਵਾਜ਼ ਵਿੱਚ ਕਿਹਾ, "ਰਹਿਣ ਲਈ!" ਸਾਰੇ ਬੱਚਿਆਂ ਨੇ ਉੱਤਰ ਸੁਣ ਕੇ ਤਾੜੀਆਂ ਮਾਰੀਆਂ।

**ਅਧਿਆਪਕ** — ਬੇਟਾ, ਘਰ ਸਾਨੂੰ ਰਹਿਣ ਦੇ ਨਾਲ਼-ਨਾਲ਼ ਗਰਮੀ, ਸਰਦੀ, ਮੀਂਹ, ਹਨੇਰੀ ਅਤੇ ਜੰਗਲੀ ਜਾਨਵਰਾਂ ਤੋਂ ਵੀ ਬਚਾਉਂਦੇ ਹਨ। ਘਰ ਵਿੱਚ ਅਸੀਂ ਆਪਣੇ ਪਰਿਵਾਰ ਨਾਲ਼ ਰਲ਼-ਮਿਲ਼ ਕੇ ਇਕੱਠੇ ਰਹਿੰਦੇ ਹਾਂ। ਇਕੱਠੇ ਰਹਿਣ ਨਾਲ਼ ਅਸੀਂ ਕਿਸੇ ਵੀ ਮੁਸ਼ਕਲ ਨੂੰ ਹੱਲ ਕਰ ਸਕਦੇ ਹਾਂ।

**ਰਿੰਕੂ** — ਸਰ ਜੀ, ਜਦੋਂ ਘਰ ਨਹੀਂ ਸੀ ਹੁੰਦੇ ਤਾਂ ਉਦੋਂ ਲੋਕ ਕਿੱਥੇ ਰਹਿੰਦੇ ਸਨ ?

**ਅਧਿਆਪਕ** — ਬੇਟਾ, ਸ਼ੁਰੂ-ਸ਼ੁਰੂ ਵਿੱਚ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ। ਫਿਰ ਮੀਂਹ, ਹਨੇਰੀ, ਗਰਮੀ, ਸਰਦੀ ਅਤੇ ਜੰਗਲੀ ਜਾਨਵਰਾਂ ਤੋਂ ਬਚਣ ਲਈ ਗੁਫ਼ਾਵਾਂ ਵਿੱਚ ਰਹਿਣ ਲੱਗ ਪਿਆ। ਹੌਲੀ-ਹੌਲੀ ਉਹ ਘਰ ਬਣਾ ਕੇ ਰਹਿਣ ਲੱਗਾ।

**ਕਰਮਨ** — ਮੈਡਮ ਜੀ, ਸੰਦੀਪ ਦੇ ਘਰ ਨੂੰ ਤਾਂ ਹਨੇਰੀ ਅਤੇ ਮੀਂਹ ਨੇ ਹੀ ਢਾਹਿਆ ਸੀ।

**ਅਧਿਆਪਕ** — ਸੰਦੀਪ ਦਾ ਘਰ ਕੱਚਾ ਸੀ ਜਿਸ ਕਾਰਣ ਹਨੇਰੀ ਤੇ ਮੀਂਹ ਨੇ ਉਸ ਨੂੰ ਢਾਹ ਦਿੱਤਾ। ਬੱਚਿਓ! ਘਰ ਕਈ ਕਿਸਮਾਂ ਦੇ ਹੁੰਦੇ ਹਨ। ਕੱਚਾ ਘਰ, ਪੱਕਾ ਘਰ ਅਤੇ ਅਸਥਾਈ ਘਰ।

### ਕੱਚਾ ਘਰ

ਇਹ ਲੱਕੜ, ਗਾਰਾ, ਘਾਹ-ਫੂਸ ਆਦਿ ਤੋਂ ਬਣਾਇਆ ਜਾਂਦਾ ਹੈ। ਕੱਚੇ ਘਰ ਠੰਡੇ ਅਤੇ ਹਵਾਦਾਰ ਹੁੰਦੇ ਹਨ। ਘਰ ਦੀਆਂ ਔਰਤਾਂ ਉਨ੍ਹਾਂ ਨੂੰ ਮਿੱਟੀ ਨਾਲ਼ ਲਿੱਪ-ਪੋਚ ਕੇ, ਸੋਹਣਾ ਬਣਾ ਕੇ ਰੱਖਦੀਆਂ ਹਨ।

### ਪੱਕਾ ਘਰ

ਇਹ ਇੱਟਾਂ, ਸੀਮਿੰਟ, ਪੱਥਰ ਅਤੇ ਲੋਹੇ ਤੋਂ ਬਣਦਾ ਹੈ। ਇਸ ਵਿੱਚ ਖਿੜਕੀਆਂ, ਦਰਵਾਜ਼ੇ ਅਤੇ ਰੌਸ਼ਨਦਾਨ ਬਣੇ ਹੁੰਦੇ ਹਨ।





1. ..........................                2. ..........................

**ਚਿੱਤਰ ਹੇਠਾਂ ਘਰ ਦੀ ਕਿਸਮ ਲਿਖੋ।**

**ਪ੍ਰਸ਼ਨ 1. ਘਰ ਕਿਸ ਕੰਮ ਆਉਂਦਾ ਹੈ ?**

..........................................................................................

## ਅਸਥਾਈ ਘਰ

ਇਹ ਕੱਪੜੇ, ਬਾਂਸ ਅਤੇ ਲੱਕੜ ਦੇ ਬਣੇ ਹੁੰਦੇ ਹਨ। ਇਹ ਟੈਂਟ, ਕਾਰਵਾਂ ਅਤੇ ਹਾਊਸਬੋਟ ਦੇ ਰੂਪ ਵਿੱਚ ਵੀ ਹੋ ਸਕਦੇ ਹਨ। ਗੱਡੀਆਂ ਵਾਲਿਆਂ ਦਾ ਘਰ ਕਾਰਵਾਂ ਰੂਪੀ ਹੁੰਦਾ ਹੈ। ਹਾਊਸਬੋਟ ਇੱਕ ਕਿਸ਼ਤੀ ਰੂਪੀ ਘਰ ਹੈ ਜੋ ਪਾਣੀ 'ਤੇ ਤੈਰਦਾ ਹੈ। ਦੇਸ਼ ਦੇ ਸਿਪਾਹੀ ਕੈਂਪਾਂ ਵਿੱਚ ਟੈਂਟ ਦੇ ਘਰ ਬਣਾ ਕੇ ਰਹਿੰਦੇ ਹਨ।





1. ..........................                2. ..........................





3. ..........................                    4. ..........................

ਚਿੱਤਰ ਹੇਠਾਂ ਘਰ ਦੀ ਕਿਸਮ ਲਿਖੋ।

ਪ੍ਰੀਤ–ਸਰ! ਕੱਲ੍ਹ ਟੀ.ਵੀ. 'ਤੇ ਇੱਕ ਪ੍ਰੋਗਰਾਮ ਵਿੱਚ ਟੇਢੀਆਂ ਛੱਤਾਂ ਵਾਲੇ ਘਰ ਵੀ ਦਿਖਾਏ ਗਏ ਸੀ। ਸਾਡੇ ਘਰ ਇਹੋ ਜਿਹੇ ਕਿਉਂ ਨਹੀਂ ਹੁੰਦੇ।

ਅਧਿਆਪਕ–ਬੇਟਾ, ਟੇਢੀਆਂ ਜਾਂ ਢਲਾਣਦਾਰ ਛੱਤਾਂ ਵਾਲੇ ਘਰ ਪਹਾੜੀ ਖੇਤਰਾਂ ਵਿੱਚ ਹੀ ਹੁੰਦੇ ਹਨ। ਇਨ੍ਹਾਂ ਖੇਤਰਾਂ ਵਿੱਚ ਬਰਫ਼ ਬਹੁਤ ਪੈਂਦੀ ਹੈ। ਢਲਾਣਦਾਰ ਛੱਤਾਂ ਹੋਣ ਕਾਰਨ ਬਰਫ਼ ਛੱਤ 'ਤੇ ਜਮ੍ਹਾਂ ਨਹੀਂ ਹੁੰਦੀ। ਇਹ ਜਲਦੀ ਹੇਠਾਂ ਤਿਲਕ ਜਾਂਦੀ ਹੈ। ਕਿਉਂ ਜੋ ਅਸੀਂ ਮੈਦਾਨੀ ਇਲਾਕੇ ਵਿੱਚ ਰਹਿੰਦੇ ਹਾਂ, ਇੱਥੇ ਬਰਫ ਵੀ ਨਹੀਂ ਪੈਂਦੀ, ਇੱਥੇ ਸਿਰਫ਼ ਮੀਂਹ ਪੈਂਦਾ ਹੈ ਇਸ ਲਈ ਸਾਡੇ ਘਰਾਂ ਦੀਆਂ ਛੱਤਾਂ ਢਲਾਣਦਾਰ ਨਾ ਹੋ ਕੇ ਸਿੱਧੀਆਂ ਹੁੰਦੀਆਂ ਹਨ।

**ਕਿਰਿਆ-1 :** ਵੱਖ–ਵੱਖ ਕਿਸਮਾਂ ਦੇ ਘਰਾਂ ਦੀਆਂ ਤਸਵੀਰਾਂ ਇਕੱਤਰ ਕਰਕੇ ਚਾਰਟ ਉੱਤੇ ਚਿਪਕਾਉ।

**ਪ੍ਰਸ਼ਨ 2. ਅਸਥਾਈ ਘਰ ਕਿਨ੍ਹਾਂ ਚੀਜ਼ਾਂ ਤੋਂ ਬਣੇ ਹੁੰਦੇ ਹਨ ?**

..................................................................................

..................................................................................

**ਪ੍ਰਸ਼ਨ 3. ਪਹਾੜਾਂ 'ਤੇ ਕਿਹੋ ਜਿਹੇ ਘਰ ਹੁੰਦੇ ਹਨ ?**

..................................................................................

..................................................................................

**ਕਿਰਿਆ-2 :** ਆਪਣੇ–ਆਪਣੇ ਘਰਾਂ ਦੀਆਂ ਖਿੜਕੀਆਂ, ਦਰਵਾਜ਼ੇ ਅਤੇ ਰੌਸ਼ਨਦਾਨਾਂ ਦੀ ਗਿਣਤੀ ਨੋਟ ਕਰਕੇ ਲਿਆਉ।

ਬੱਚਿਓ! ਜਿਸ ਘਰ ਵਿੱਚ ਅਸੀਂ ਰਹਿੰਦੇ ਹਾਂ ਉਹ ਸਾਫ਼-ਸੁਥਰਾ ਹੋਣਾ ਚਾਹੀਦਾ ਹੈ। ਸਾਫ਼ ਸੁਥਰਾ ਘਰ ਸੋਹਣਾ ਲਗਦਾ ਹੈ। ਇਸ ਲਈ ਜ਼ਰੂਰੀ ਹੈ ਕਿ ਘਰ ਦੀ ਹਰ ਇੱਕ ਚੀਜ਼ ਸਹੀ ਜਗ੍ਹਾ 'ਤੇ ਟਿਕਾ ਕੇ ਰੱਖੋ। ਕੂੜਾ-ਕਰਕਟ ਸੁੱਟਣ ਲਈ ਕੂੜੇਦਾਨ ਦੀ ਵਰਤੋਂ ਕਰੋ। ਘਰ ਨੂੰ ਸਜਾਉਣ ਲਈ ਤਸਵੀਰਾਂ, ਫੁੱਲ-ਪੱਤੀਆਂ ਅਤੇ ਲੜੀਆਂ ਆਦਿ ਦੀ ਵਰਤੋਂ ਕਰ ਸਕਦੇ ਹਾਂ। ਤਿਉਹਾਰਾਂ ਅਤੇ ਖ਼ਾਸ ਮੌਕਿਆਂ 'ਤੇ ਗ਼ੁਬਾਰਿਆਂ ਅਤੇ ਫੁੱਲਾਂ ਨਾਲ਼ ਵੀ ਘਰ ਸਜਾ ਸਕਦੇ ਹਾਂ। ਫ਼ਰਸ਼ 'ਤੇ ਵੱਖ-ਵੱਖ ਰੰਗਾਂ ਨਾਲ਼ ਡਿਜ਼ਾਈਨ ਬਣਾਏ ਜਾ ਸਕਦੇ ਹਨ। ਇਸ ਤਰ੍ਹਾਂ ਦੇ ਡਿਜ਼ਾਈਨ ਨੂੰ **ਰੰਗੋਲੀ** ਆਖਦੇ ਹਨ।



ਗੁਬਾਰਿਆਂ ਨਾਲ਼ ਸਜਾਵਟ



ਫੁੱਲਾਂ ਨਾਲ਼ ਸਜਾਵਟ



ਰੰਗੋਲੀ



ਰੰਗ-ਬਰੰਗੇ ਕਾਗਜ਼ਾਂ ਨਾਲ਼ ਸਜਾਵਟ

ਲਵਲੀ — ਅਧਿਆਪਕ ਜੀ, ਮੇਰੇ ਮੰਮੀ ਸਵੇਰੇ-ਸਵੇਰੇ ਉੱਠ ਕੇ ਘਰ ਨੂੰ ਝਾੜੂ ਅਤੇ ਪੋਚਾ ਲਗਾ ਕੇ ਸਾਫ਼ ਕਰਦੇ ਹਨ। ਮੇਰੇ ਪਿਤਾ ਜੀ ਵੀ ਉਨ੍ਹਾਂ ਦੀ ਇਸ ਕੰਮ ਵਿੱਚ ਮਦਦ ਕਰਦੇ ਹਨ। ਐਤਵਾਰ ਨੂੰ ਅਸੀਂ ਸਾਰੇ ਮਿਲ ਕੇ ਘਰ ਦੀ ਹਰ ਇੱਕ ਵਸਤੂ ਨੂੰ ਸਾਫ਼ ਕਰਕੇ ਸਹੀ ਜਗ੍ਹਾ 'ਤੇ ਰੱਖਦੇ ਹਾਂ। ਮੇਜ਼ 'ਤੇ ਫੁੱਲਾਂ ਅਤੇ ਪੱਤਿਆਂ ਨਾਲ਼ ਗੁਲਦਸਤਾ ਵੀ ਬਣਾ ਕੇ ਰੱਖਦੇ ਹਾਂ। ਅਸੀਂ ਘਰ ਦਾ ਕੂੜਾ ਕਰਕਟ ਇੱਕ ਕੂੜਾਦਾਨ ਵਿੱਚ ਪਾਉਂਦੇ ਹਾਂ।

ਮੇਰੀ ਦੋਸਤ ਨਿਸ਼ਾ ਦਾ ਘਰ ਵੀ ਸਾਡੇ ਘਰ ਦੇ ਨੇੜੇ ਹੈ। ਉਹ ਰਾਜਸਥਾਨ ਦੇ ਰਹਿਣ ਵਾਲੇ ਹਨ। ਉਹ ਫ਼ਰਸ਼ 'ਤੇ ਵੱਖ-ਵੱਖ ਰੰਗਾਂ ਨਾਲ਼ ਰੰਗੋਲੀ ਬਣਾ ਕੇ ਘਰ ਨੂੰ ਸਜਾਉਂਦੇ ਹਨ। ਉਸਦੇ ਭਰਾ ਦੇ ਜਨਮਦਿਨ 'ਤੇ ਉਹਨਾਂ ਨੇ ਗ਼ੁਬਾਰਿਆਂ ਅਤੇ ਰੰਗ ਬਰੰਗੇ ਕਾਗਜ਼ ਦੀਆਂ ਲੜੀਆਂ ਨਾਲ਼ ਘਰ ਨੂੰ ਸਜਾਇਆ ਸੀ।

**ਕਿਰਿਆ-3 :** ਵੱਖ-ਵੱਖ ਮੌਕਿਆਂ 'ਤੇ ਘਰਾਂ ਦੀ ਸਜਾਵਟ ਕਰਨ ਲਈ ਵਰਤੇ ਜਾਂਦੇ ਸਮਾਨ ਦੀ ਸੂਚੀ ਬਣਾਉ।

**ਅਧਿਆਪਕ** — ਕੀ ਸਾਡੇ ਘਰਾਂ ਵਿੱਚ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਕੋਈ ਹੋਰ ਵੀ ਰਹਿੰਦਾ ਹੈ ?

**ਬੰਟੀ** — ਸਾਡੇ ਘਰ ਵਿੱਚ ਇੱਕ ਕੁੱਤਾ ਵੀ ਰਹਿੰਦਾ ਹੈ। ਇਹ ਮੇਰਾ ਦੋਸਤ ਹੈ ਤੇ ਮੈਂ ਉਸ ਨਾਲ਼ ਬਹੁਤ ਖੇਡਦਾ ਹਾਂ।

**ਅਧਿਆਪਕ**—ਬੇਟਾ, ਗਾਂ, ਮੱਝ, ਕੁੱਤਾ, ਬਲਦ, ਊਠ, ਮੁਰਗੀਆਂ ਅਤੇ ਬੱਕਰੀਆਂ ਵਰਗੇ ਜਾਨਵਰ ਵੀ ਸਾਡੇ ਨਾਲ਼ ਰਹਿੰਦੇ ਹਨ। ਅਸੀਂ ਇਨ੍ਹਾਂ ਦੀ ਪਰਿਵਾਰ ਦੇ ਹੋਰ ਮੈਂਬਰਾਂ ਵਾਂਗ ਹੀ ਦੇਖਭਾਲ ਕਰਦੇ ਹਾਂ। ਇਹ ਸਭ ਪਾਲਤੂ ਜਾਨਵਰ ਹਨ।



## ਯਾਦ ਰੱਖਣ ਯੋਗ ਗੱਲਾਂ

- ਘਰ ਸਾਨੂੰ ਗਰਮੀ, ਸਰਦੀ, ਮੀਂਹ, ਹਨੇਰੀ, ਜੰਗਲੀ ਜਾਨਵਰਾਂ ਆਦਿ ਤੋਂ ਬਚਾਉਂਦਾ ਹੈ।
- ਘਰ ਕਈ ਕਿਸਮਾਂ ਦੇ ਹੁੰਦੇ ਹਨ, ਪੱਕਾ ਘਰ, ਕੱਚਾ ਘਰ, ਅਸਥਾਈ ਘਰ।
- ਪੱਕੇ ਘਰ ਲਈ ਇੱਟਾਂ, ਸੀਮਿੰਟ, ਲੋਹਾ, ਪੱਥਰ ਆਦਿ ਸਮੱਗਰੀ ਵਰਤੀ ਜਾਂਦੀ ਹੈ।
- ਕੱਚੇ ਘਰ ਲਈ ਗਾਰਾ, ਘਾਹ-ਫੂਸ 'ਤੇ ਲੱਕੜ ਆਦਿ ਸਮੱਗਰੀ ਵਰਤੀ ਜਾਂਦੀ ਹੈ।
- ਇੱਕ ਚੰਗਾ ਘਰ ਸਾਫ਼-ਸੁਥਰਾ ਤੇ ਹਵਾਦਾਰ ਹੁੰਦਾ ਹੈ।
- ਕੂੜਾ-ਕਰਕਟ ਹਮੇਸ਼ਾ ਕੂੜਾਦਾਨ ਵਿੱਚ ਹੀ ਸੁੱਟਣਾ ਚਾਹੀਦਾ ਹੈ।



ਪ੍ਰਸ਼ਨ 4. ਤੁਸੀਂ ਕਿਸ ਤਰ੍ਹਾਂ ਦੇ ਘਰ ਵਿੱਚ ਰਹਿੰਦੇ ਹੋ ?

..........................................................................................

..........................................................................................

ਪ੍ਰਸ਼ਨ 5. ਕੀ ਤੁਹਾਡੇ ਘਰ ਵਿੱਚ ਕੋਈ ਪਾਲਤੂ ਜਾਨਵਰ ਹੈ ? ਜੇ ਹੈ ਤਾਂ ਉਸਦਾ ਨਾਂ ਲਿਖੋ।

..........................................................................................

..........................................................................................

6. ਖ਼ਾਲੀ ਥਾਂਵਾਂ ਭਰੋ—

(ਖਿੜਕੀਆਂ, ਗਾਰੇ, ਸਾਫ਼-ਸੁਥਰਾ, ਘਰ, ਜੰਗਲਾਂ)

(ੳ) ਅਸੀਂ ਜਿੱਥੇ ਰਹਿੰਦੇ ਹਾਂ ਉਸਨੂੰ .................. ਕਹਿੰਦੇ ਹਨ।

(ਅ) ਸ਼ੁਰੂ ਵਿੱਚ ਮਨੁੱਖ .................. ਵਿੱਚ ਰਹਿੰਦਾ ਸੀ।

(ੲ) ਘਰਾਂ ਵਿੱਚ .................. ਅਤੇ ਰੌਸ਼ਨਦਾਨ ਜ਼ਰੂਰ ਹੋਣੇ ਚਾਹੀਦੇ ਹਨ।

(ਸ) ਸਾਡਾ ਘਰ .................. ਹੋਣਾ ਚਾਹੀਦਾ ਹੈ।

(ਹ) ਕੱਚਾ ਘਰ ਮਿੱਟੀ ਅਤੇ .................. ਤੋਂ ਬਣਿਆਂ ਹੁੰਦਾ ਹੈ।

7. ਠੀਕ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਗਾਓ—

(ੳ) ਇੱਕ ਚੰਗਾ ਘਰ ਹੁੰਦਾ ਹੈ-

ਸਾਫ਼-ਸੁਥਰਾ ਤੇ ਹਵਾਦਾਰ ☐

ਗੰਦਾ ਤੇ ਬੰਦ ☐

ਬਹੁਤ ਵੱਡਾ ☐

(ਅ) ਕੱਚਾ ਘਰ ਬਣਾਇਆ ਜਾਂਦਾ ਹੈ-

ਇੱਟਾਂ, ਸੀਮਿੰਟ, ਰੇਤਾ ☐

ਘਾਹ-ਫੂਸ, ਗਾਰਾ 'ਤੇ ਲੱਕੜ ਆਦਿ ☐

ਕੱਪੜੇ, ਬਾਂਸ ☐

(ੲ) ਖਾਨਾਬਦੋਸ਼ ਦੇ ਘਰ ਹੁੰਦੇ ਹਨ-

ਪੱਕੇ ਘਰ ☐

ਕੱਚੇ ਘਰ ☐

ਅਸਥਾਈ ਘਰ ☐

(ਸ) ਕੂੜਾ-ਕਰਕਟ ਸੁੱਟਣਾ ਚਾਹੀਦਾ ਹੈ-

ਵਿਹੜੇ ਵਿੱਚ ☐ ਕੂੜਾਦਾਨ ਵਿੱਚ ☐ ਗਲੀ ਵਿੱਚ ☐

(ਹ) ਘਰ ਬਣਾਉਣ ਵਾਲੇ ਨੂੰ ਕਹਿੰਦੇ ਹਨ-

ਡਾਕਟਰ ☐ ਮਿਸਤਰੀ ☐ ਵਕੀਲ ☐

**8. ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।**

(ੳ) ਪੱਕਾ ਘਰ ਘਾਹ-ਫੂਸ ਦਾ ਬਣਿਆ ਹੁੰਦਾ ਹੈ। ☐

(ਅ) ਕੱਚੇ ਘਰ ਠੰਢੇ ਹੁੰਦੇ ਹਨ। ☐

(ੲ) ਸਿਪਾਹੀ ਕੈਂਪ ਲਾਉਣ ਸਮੇਂ ਪੱਕੇ ਘਰਾਂ ਵਿੱਚ ਰਹਿੰਦੇ ਹਨ। ☐

(ਸ) ਹਾਊਸਬੋਟ ਪਾਣੀ ਉੱਪਰ ਤੈਰਨ ਵਾਲਾ ਘਰ ਹੁੰਦਾ ਹੈ। ☐

(ਹ) ਘਰ ਬਣਾਉਣ ਵਿੱਚ ਕਈ ਲੋਕ ਸਾਡੀ ਮਦਦ ਕਰਦੇ ਹਨ। ☐

**9. ਮਿਲਾਨ ਕਰੋ**

| ਜਾਨਵਰ | ਰਹਿਣ ਦੀ ਥਾਂ |
|---|---|
| (ੳ) ਸ਼ੇਰ | ਖੁੱਡ |
| (ਅ) ਚੂਹਾ | ਗੁਫ਼ਾ |
| (ੲ) ਘੋੜਾ | ਵਾੜਾ |
| (ਸ) ਮੱਛੀ | ਤਬੇਲਾ |
| (ਹ) ਮੱਝ | ਪਾਣੀ |

*****



ਪਾਠ-12

# ਸਾਡਾ ਆਂਢ-ਗੁਆਂਢ

ਲਵਲੀ ਦੇ ਘਰ ਦੇ ਨੇੜੇ ਇੱਕ ਪਾਰਕ ਹੈ। ਉਸ ਨੇ ਆਪਣੇ ਮਿੱਤਰ ਹਰਮਨ ਨੂੰ ਉੱਥੇ ਖੇਡਣ ਲਈ ਬੁਲਾਇਆ ਪਰੰਤੂ ਹਰਮਨ ਉਸਦਾ ਘਰ ਨਹੀਂ ਜਾਣਦਾ ਸੀ। ਹਰਮਨ ਨੇ ਆਪਣੇ ਪਿਤਾ ਜੀ ਦੀ ਲਵਲੀ ਨਾਲ਼ ਫ਼ੋਨ 'ਤੇ ਗੱਲ ਕਰਵਾਈ। ਹਰਮਨ ਦੇ ਪਿਤਾ ਜੀ ਨੇ ਪੁੱਛਿਆ, "ਲਵਲੀ ਤੁਹਾਡੇ ਘਰ ਦੇ ਗੁਆਂਢ ਵਿੱਚ ਕੀ-ਕੀ ਹੈ ?" ਲਵਲੀ ਨੇ ਹੈਰਾਨ ਹੋ ਕੇ ਪੁੱਛਿਆ, "ਅੰਕਲ ਜੀ, ਇਹ ਗੁਆਂਢ ਕੀ ਹੁੰਦਾ ਹੈ ?"

ਹਰਮਨ ਦੇ ਪਿਤਾ ਜੀ ਨੇ ਸਮਝਾਇਆ, "ਬੇਟਾ, ਅਸੀਂ ਆਪਣੇ ਪਰਿਵਾਰ ਸਮੇਤ ਘਰ ਵਿੱਚ ਰਹਿੰਦੇ ਹਾਂ। ਬਹੁਤ ਸਾਰੇ ਪਰਿਵਾਰ ਸਾਡੇ ਘਰ ਦੇ ਆਲੇ-ਦੁਆਲੇ ਰਹਿੰਦੇ ਹਨ। ਇਹ ਪਰਿਵਾਰ ਸਾਡੇ ਗੁਆਂਢੀ ਹਨ। ਸਾਡੇ ਘਰ ਦੇ ਨੇੜੇ ਹੋਰ ਇਮਾਰਤਾਂ ਜਿਵੇਂ- ਹਸਪਤਾਲ, ਸਕੂਲ, ਡਾਕਖ਼ਾਨਾ, ਬਜ਼ਾਰ ਅਤੇ ਬੱਸ ਸਟੈਂਡ ਆਦਿ ਸਾਡਾ ਆਂਢ-ਗੁਆਂਢ ਹਨ।"

ਲਵਲੀ ਨੇ ਕਿਹਾ, "ਅੰਕਲ ਜੀ, ਮੈਂ ਸਮਝ ਗਿਆ। ਸਾਡੇ ਘਰ ਦੇ ਨੇੜੇ ਪਾਰਕ, ਹਸਪਤਾਲ, ਬਜ਼ਾਰ ਤੇ ਡਾਕਖ਼ਾਨਾ ਹੈ।"

**ਪ੍ਰਸ਼ਨ 1. ਗੁਆਂਢ ਕੀ ਹੁੰਦਾ ਹੈ ?**

..............................................................................

..............................................................................

**ਕਿਰਿਆ-1 :** ਵਿਦਿਆਰਥੀਆਂ ਨੂੰ ਆਪਣੇ ਗੁਆਂਢ ਵਿੱਚ ਮੌਜੂਦ ਸਥਾਨਾਂ ਦੀ ਸੂਚੀ ਬਣਾ ਕੇ ਲਿਆਉਣ ਲਈ ਕਿਹਾ ਜਾਵੇ।




ਹਰਮਨ ਨੂੰ ਪਾਰਕ ਵਿੱਚ ਪਹੁੰਚਣ ਲਈ 15 ਮਿੰਟ ਲੱਗੇ। ਹਰਮਨ ਨੂੰ ਦੇਖ ਕੇ ਲਵਲੀ ਬਹੁਤ ਖੁਸ਼ ਹੋਇਆ। ਜਦੋਂ ਦੋਵੇਂ ਕਾਫ਼ੀ ਸਮਾਂ ਖੇਡ ਕੇ ਥੱਕ ਗਏ ਤਾਂ ਉਹ ਲਵਲੀ ਦੇ ਘਰ ਆ ਗਏ। ਉੱਥੇ ਲਵਲੀ ਦੇ ਮੰਮੀ ਉਸ ਦੇ ਭਰਾ ਬੰਟੀ ਨੂੰ ਪੜ੍ਹਾ ਰਹੇ ਸੀ। ਲਵਲੀ ਅਤੇ ਹਰਮਨ ਵੀ ਸੁਣਨ ਲੱਗ ਪਏ। "ਬੰਟੀ! ਜੇਕਰ ਅਸੀਂ ਇੱਕ ਥਾਂ ਤੋਂ ਦੂਸਰੀ ਥਾਂ 'ਤੇ ਜਾਣਾ ਹੋਵੇ ਤਾਂ ਨਕਸ਼ੇ ਵਿੱਚ ਦਿੱਤੀਆਂ

ਦਿਸ਼ਾਵਾਂ ਦੀ ਸਹਾਇਤਾ ਨਾਲ਼ ਰਸਤਾ ਲੱਭ ਸਕਦੇ ਹਾਂ।" ਮੰਮੀ ਨੇ ਸਮਝਾਇਆ।

ਹਰਮਨ ਨੇ ਪੁੱਛਿਆ, " ਦਿਸ਼ਾਵਾਂ ਦਾ ਪਤਾ ਕਿਵੇਂ ਚਲਦਾ ਹੈ?"

ਲਵਲੀ ਦੇ ਮੰਮੀ ਬੋਲੇ, "ਬੱਚਿਓ! ਚਾਰ ਦਿਸ਼ਾਵਾਂ ਹੁੰਦੀਆਂ ਹਨ-ਉੱਤਰ, ਦੱਖਣ, ਪੂਰਬ ਅਤੇ ਪੱਛਮ। ਸੂਰਜ ਸਾਨੂੰ ਦਿਸ਼ਾਵਾਂ ਦਾ ਸਹੀ ਨਿਰਦੇਸ਼ ਦਿੰਦਾ ਹੈ।" "ਉਹ ਕਿਵੇਂ ਮੰਮੀ ਜੀ" ਬੰਟੀ ਨੇ ਪੁੱਛਿਆ। "ਬੱਚਿਓ! ਚੜ੍ਹਦੇ ਸੂਰਜ ਦੇ ਸਾਹਮਣੇ ਮੂੰਹ ਕਰਕੇ ਖੜ੍ਹੇ ਹੋ ਜਾਓ। ਤੁਹਾਡੇ ਸਾਹਮਣੇ ਪੂਰਬ ਦਿਸ਼ਾ, ਪਿੱਛੇ ਪੱਛਮ ਦਿਸ਼ਾ, ਖੱਬੇ ਪਾਸੇ ਉੱਤਰ ਦਿਸ਼ਾ ਤੇ ਸੱਜੇ ਪਾਸੇ ਦੱਖਣ ਦਿਸ਼ਾ ਹੋਵੇਗੀ। ਮੰਮੀ ਨੇ ਉੱਤਰ ਦਿੱਤਾ। ਭਾਰਤ ਦੇ ਨਕਸ਼ੇ ਦੇ ਉੱਪਰ ਵੱਲ ਉੱਤਰ, ਥੱਲੇ ਵੱਲ ਦੱਖਣ, ਸੱਜੇ ਪਾਸੇ ਪੂਰਬ ਅਤੇ ਖੱਬੇ ਪਾਸੇ ਪੱਛਮ ਹੈ।"





**ਪ੍ਰਸ਼ਨ 2. ਦਿਸ਼ਾਵਾਂ ਕਿੰਨੀਆਂ ਹੁੰਦੀਆਂ ਹਨ। ਇਨ੍ਹਾਂ ਦੇ ਨਾਮ ਲਿਖੋ ?**

..........................................................................................

..........................................................................................

"ਕੀ ਨਕਸ਼ੇ ਰਾਹੀਂ ਅਸੀਂ ਆਪਣਾ ਪਿੰਡ-ਸ਼ਹਿਰ ਵੀ ਲੱਭ ਸਕਦੇ ਹਾਂ?" ਹਰਮਨ ਨੇ ਪੁੱਛਿਆ। "ਹਾਂ! ਅਸੀਂ ਆਪਣਾ ਪਿੰਡ-ਸ਼ਹਿਰ ਹੀ ਨਹੀਂ ਸਾਡੇ ਗੁਆਂਢੀ ਪਿੰਡ-ਸ਼ਹਿਰ, ਤਹਿਸੀਲ, ਰਾਜ ਵੀ ਪਤਾ ਕਰ ਸਕਦੇ ਹਾਂ।" ਬੰਟੀ ਦੇ ਮੰਮੀ ਨੇ ਸਮਝਾਇਆ।




ਭਾਰਤ ਦਾ ਨਕਸ਼ਾ

"ਮੰਮੀ ਜੀ! ਗੁਆਂਢੀ ਪਿੰਡ ਤਾਂ ਸਮਝ ਗਿਆ ਪਰ ਇਹ ਤਹਿਸੀਲ, ਰਾਜ ਕੀ ਹੈ ?" ਲਵਲੀ ਨੇ ਪੁੱਛਿਆ।" "ਕਈ ਪਿੰਡਾਂ ਨੂੰ ਮਿਲਾ ਕੇ ਤਹਿਸੀਲ ਬਣਦੀ ਹੈ। ਕਈ ਤਹਿਸੀਲਾਂ ਨੂੰ ਮਿਲ਼ਾ ਕੇ ਇੱਕ ਜ਼ਿਲ੍ਹਾ ਬਣਦਾ ਹੈ। ਸਾਰੇ ਜ਼ਿਲ੍ਹੇ ਮਿਲ ਕੇ ਇੱਕ ਰਾਜ ਬਣਾਉਂਦੇ ਹਨ ਤੇ ਸਾਰੇ ਰਾਜ ਮਿਲ਼ਕੇ ਇੱਕ ਦੇਸ਼ ਬਣਾਉਂਦੇ ਹਨ।" ਮੰਮੀ ਜੀ ਨੇ ਸਮਝਾਇਆ।

## ਰੇਖਾ ਚਿੱਤਰ

ਪਿੰਡ ⟶ ਤਹਿਸੀਲ ⟶ ਜ਼ਿਲ੍ਹਾ ⟶ ਰਾਜ ⟶ ਦੇਸ਼

**3. ਖ਼ਾਲੀ ਥਾਂਵਾਂ ਭਰੋ—**

ੳ. ਸਾਡੇ ਪਿੰਡ ਦਾ ਨਾਮ .................... ਹੈ।

ਅ. ਸਾਡੀ ਤਹਿਸੀਲ ਦਾ ਨਾਮ .................... ਹੈ।

ੲ. ਸਾਡੇ ਜ਼ਿਲ੍ਹੇ ਦਾ ਨਾਮ .................... ਹੈ।

ਸ. ਸਾਡੇ ਰਾਜ ਦਾ ਨਾਮ .................... ਹੈ।

ਹ.  ਸਾਡੇ ਰਾਜ ਦੀ ਰਾਜਧਾਨੀ ................... ਹੈ।

ਕ.  ਸਾਡਾ ਦੇਸ਼ ................... ਹੈ।

ਖ.  ਸਾਡੇ ਦੇਸ਼ ਦੀ ਰਾਜਧਾਨੀ ................... ਹੈ।

**ਕਿਰਿਆ—2** ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਿੰਡ ਨਾਲ਼ ਲਗਦੇ ਗੁਆਂਢੀ ਪਿੰਡਾਂ ਜਾਂ ਸ਼ਹਿਰਾਂ ਦੀ ਸੂਚੀ ਬਣਾ ਕੇ ਲਿਆਉਣ ਲਈ ਕਿਹਾ ਜਾਵੇ।

**ਕਿਰਿਆ— 3** ਸਕੂਲ ਦੀਆਂ ਚਾਰੇ ਦਿਸ਼ਾਵਾਂ ਵਿੱਚ ਕੀ-ਕੀ ਬਣਿਆ ਹੋਇਆ ਹੈ। ਇਸਦੀ ਵੀ ਸੂਚੀ ਬਣਾਓ।

ਹਰਮਨ ਨੂੰ ਲਵਲੀ ਦਾ ਘਰ ਬਹੁਤ ਪਸੰਦ ਆਇਆ। “ਆਂਟੀ ਜੀ, ਤੁਹਾਡੇ ਘਰ ਵਿੱਚ ਬਹੁਤ ਸਫ਼ਾਈ ਹੈ। ਕਾਸ਼! ਸਾਡਾ ਘਰ ਵੀ ਇੱਥੇ ਹੁੰਦਾ” ਹਰਮਨ ਨੇ ਕਿਹਾ। “ਬੇਟਾ, ਸਾਨੂੰ ਆਪਣਾ ਘਰ ਅਤੇ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ। ਇਸ ਨਾਲ਼ ਇਹ ਸੋਹਣਾ ਤਾਂ ਲਗਦਾ ਹੀ ਹੈ ਸਗੋਂ ਸਾਫ਼ ਆਲਾ-ਦੁਆਲਾ ਸਾਨੂੰ ਕਈ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ,” ਮੰਮੀ ਜੀ ਨੇ ਸਮਝਾਇਆ।

**ਕਿਰਿਆ — 4** ਸਕੂਲ ਵਿੱਚ ਸਾਫ਼-ਸਫ਼ਾਈ ਰੱਖਣ ਦੀ ਆਦਤ ਦਾ ਵਿਕਾਸ ਕਰਨ ਲਈ ਟੀਮਾਂ ਬਣਾ ਕੇ ਜ਼ਿੰਮੇਵਾਰੀਆਂ ਦਿੱਤੀਆਂ ਜਾਣ।



## ਯਾਦ ਰੱਖਣ ਯੋਗ ਗੱਲਾਂ

- ਸਾਡੇ ਘਰ ਦੇ ਆਲ਼ੇ-ਦੁਆਲ਼ੇ ਦੇ ਘਰ ਅਤੇ ਸਾਡੀਆਂ ਲੋੜਾਂ ਨਾਲ਼ ਸੰਬੰਧਤ ਸੇਵਾਵਾਂ ਸਾਡਾ ਆਂਢ-ਗੁਆਂਢ ਹਨ।
- ਦਿਸ਼ਾਵਾਂ ਚਾਰ ਹੁੰਦੀਆਂ ਹਨ-ਉੱਤਰ, ਦੱਖਣ, ਪੂਰਬ ਅਤੇ ਪੱਛਮ।
- ਸੂਰਜ ਹਮੇਸ਼ਾ ਪੂਰਬ ਦਿਸ਼ਾ ਵਿੱਚੋਂ ਨਿੱਕਲਦਾ ਹੈ ਅਤੇ ਪੱਛਮ ਦਿਸ਼ਾ ਵਿੱਚ ਛਿਪਦਾ ਹੈ।
- ਸਾਨੂੰ ਆਪਣਾ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।



4. **ਸਹੀ ਉੱਤਰ ਸਾਹਮਣੇ (✓) ਦਾ ਨਿਸ਼ਾਨ ਲਗਾਓ—**

(ੳ) ਦਿਸ਼ਾਵਾਂ ਕਿੰਨੀਆਂ ਹੁੰਦੀਆਂ ਹਨ-

ਦੋ ☐ ਚਾਰ ☐ ਪੰਜ ☐

(ਅ) ਸੂਰਜ ਕਿਸ ਦਿਸ਼ਾ ਵਿੱਚੋਂ ਨਿੱਕਲਦਾ ਹੈ ?

ਉੱਤਰ ☐ ਦੱਖਣ ☐ ਪੂਰਬ ☐

(ੲ) ਭਾਰਤ ਦੇ ਨਕਸ਼ੇ ਦੇ ਉੱਪਰ ਵੱਲ ਕਿਹੜੀ ਦਿਸ਼ਾ ਹੈ-

ਪੂਰਬ ☐ ਉੱਤਰ ☐ ਪੱਛਮ ☐

(ਸ) ਕਿੰਨ੍ਹਾਂ ਨੂੰ ਮਿਲ਼ਾ ਕੇ ਤਹਿਸੀਲ ਬਣਦੀ ਹੈ-

ਪਿੰਡਾਂ ਨੂੰ ☐ ਸ਼ਹਿਰਾਂ ਨੂੰ ☐ ਦੋਵਾਂ ਨੂੰ ☐

(ਹ) ਆਲ਼ਾ-ਦੁਆਲ਼ਾ ਸਾਫ਼ ਰੱਖਣ ਨਾਲ਼ ਅਸੀਂ ਕਿਵੇਂ ਮਹਿਸੂਸ ਕਰਦੇ ਹਾਂ।

ਤੰਦਰੁਸਤ ☐ ਬਿਮਾਰ ☐ ਉਦਾਸ ☐

5. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ—**

(ੳ) ਸੂਰਜ ਸਾਨੂੰ ਦਿਸ਼ਾਵਾਂ ਬਾਰੇ ਦੱਸਦਾ ਹੈ। ☐

(ਅ) ਕਈ ਜ਼ਿਲ੍ਹਿਆਂ ਨੂੰ ਮਿਲ਼ਾ ਕੇ ਤਹਿਸੀਲ ਬਣਦੀ ਹੈ। ☐

(ੲ) ਸਾਨੂੰ ਆਪਣੇ ਆਲ਼ੇ-ਦੁਆਲ਼ੇ ਸਫ਼ਾਈ ਰੱਖਣੀ ਚਾਹੀਦੀ ਹੈ। ☐

(ਸ) ਸੂਰਜ ਦੱਖਣ ਦਿਸ਼ਾ ਵਿੱਚੋਂ ਨਿੱਕਲਦਾ ਹੈ। ☐

(ਹ) ਗੁਆਂਢ ਸਾਡੇ ਘਰ ਤੋਂ ਬਹੁਤ ਦੂਰ ਹੁੰਦਾ ਹੈ। ☐

6. ਦਿਸ਼ਾਵਾਂ ਦੇ ਨਾਮ ਲਿਖੋ।

..................

..................  ..................

..................

7. ਖ਼ਾਲੀ ਥਾਂਵਾਂ ਭਰੋ—

(ਜ਼ਿਲ੍ਹਿਆਂ, ਪੱਛਮ, ਸਾਫ਼-ਸੁਥਰਾ, ਪਰਿਵਾਰ, ਰਾਜਾਂ)

(ੳ) ਬਹੁਤ ਸਾਰੇ .................. ਸਾਡੇ ਘਰ ਦੇ ਨੇੜੇ ਰਹਿੰਦੇ ਹਨ।

(ਅ) ਕਈ .................. ਨੂੰ ਮਿਲ਼ਾ ਕੇ ਦੇਸ਼ ਬਣਦਾ ਹੈ।

(ੲ) ਕਈ .................. ਨੂੰ ਮਿਲ਼ਾ ਕੇ ਰਾਜ ਬਣਦਾ ਹੈ।

(ਸ) ਸਾਨੂੰ ਆਪਣੇ ਘਰ ਨੂੰ .................. ਰੱਖਣਾ ਚਾਹੀਦਾ ਹੈ।

(ਹ) ਸੂਰਜ .................. ਦਿਸ਼ਾ ਵਿੱਚ ਛਿਪਦਾ ਹੈ।

8. ਸਹੀ ਮਿਲਾਨ ਕਰੋ—

| (ੳ) | (ਅ) |
|---|---|
| ਭਾਰਤ | ਰਾਜ |
| ਪੰਜਾਬ | ਜ਼ਿਲ੍ਹਾ |
| ਪਟਿਆਲਾ | ਦੇਸ਼ |

9. **ਮਿਲਾਨ ਕਰੋ—**

| | |
|---|---|
| ਡਾਕਖ਼ਾਨਾ | ਸੁਰੱਖਿਆ |
| ਹਸਪਤਾਲ | ਚਿੱਠੀ-ਪੱਤਰ |
| ਸਕੂਲ | ਇਲਾਜ |
| ਪੁਲਿਸ ਸਟੇਸ਼ਨ | ਸਿੱਖਿਆ |
| ਬੈਂਕ | ਪਿੰਡ ਦੇ ਮਸਲੇ |
| ਪੰਚਾਇਤ ਘਰ | ਪੈਸੇ ਦਾ ਲੈਣ-ਦੇਣ |

*****



ਪਾਠ-13

# ਪਾਣੀ-ਜੀਵਨ ਦਾ ਆਧਾਰ

ਅੱਜ ਸਕੂਲ ਦੀ ਸਵੇਰ ਦੀ ਸਭਾ ਵੇਲੇ ਹੀ ਬਹੁਤ ਗਰਮੀ ਸੀ। ਇਸ ਲਈ ਸਭਾ ਮਗਰੋਂ ਜਮਾਤ ਵਿੱਚ ਆਉਂਦਿਆ ਹੀ ਸੁਰਿੰਦਰ ਨੇ ਅਧਿਆਪਕ ਨੂੰ ਪੁੱਛਿਆ, "ਕੀ ਮੈਂ ਪਾਣੀ ਪੀਣ ਲਈ ਜਾ ਸਕਦਾ ਹਾਂ ਜੀ?" ਅਧਿਆਪਕ ਨੇ ਉਸਨੂੰ ਜਾਣ ਦੀ ਆਗਿਆ ਦਿੰਦਿਆਂ ਕਿਹਾ, "ਬੱਚਿਓ! ਅੱਜ ਗਰਮੀ ਬਹੁਤ ਹੈ, ਇਸ ਲਈ ਜਿਸ ਬੱਚੇ ਨੇ ਵੀ ਪਾਣੀ ਪੀਣਾ ਹੈ, ਉਹ ਜਾ ਸਕਦਾ ਹੈ।" ਬਹੁਤ ਸਾਰੇ ਬੱਚੇ ਪਾਣੀ ਪੀਣ ਚਲੇ ਗਏ।

"ਕੀ ਕੋਈ ਦੱਸ ਸਕਦਾ ਹੈ ਕਿ ਅਸੀਂ ਪਾਣੀ ਕਿਉਂ ਪੀਂਦੇ ਹਾਂ?" "ਜੀ ਸਾਨੂੰ ਪਿਆਸ ਲੱਗਦੀ ਹੈ।" ਬੱਚਿਆਂ ਦਾ ਉੱਤਰ ਸੀ। "ਤੇ ਜੇ ਸਾਨੂੰ ਪਿਆਸ ਲੱਗਣ 'ਤੇ ਪਾਣੀ ਨਾ ਮਿਲੇ, ਫੇਰ ?" ਅਧਿਆਪਕ ਦਾ ਅਗਲਾ ਪ੍ਰਸ਼ਨ ਸੀ। "ਫੇਰ ਤਾਂ ਜੀ ਅਸੀਂ ਪਿਆਸ ਨਾਲ਼ ਹੀ ਮਰ ਜਾਵਾਂਗੇ।" ਰਜਨੀ ਬੋਲੀ।

**ਜਲ ਹੀ ਜੀਵਨ ਹੈ**

ਪਿਆਰੇ ਬੱਚਿਓ! ਇਸ ਲਈ ਤਾਂ ਕਹਿੰਦੇ ਹਨ ਕਿ ਜਲ ਹੀ ਜੀਵਨ ਹੈ ਭਾਵ-ਪਾਣੀ ਜੀਵਨ ਦਾ ਆਧਾਰ ਹੈ। ਪਾਣੀ ਤੋਂ ਬਿਨਾ ਅਸੀਂ ਜਿਉਂਦੇ ਨਹੀਂ ਰਹਿ ਸਕਦੇ।

ਸਾਡੇ ਸਰੀਰ ਵਿੱਚ ਬਹੁਤਾ ਭਾਗ ਪਾਣੀ ਹੀ ਹੈ। ਇਹ ਭੋਜਨ ਨੂੰ ਪਚਾਉਣ ਵਿਚ ਵੀ ਸਾਡੀ ਮਦਦ ਕਰਦਾ ਹੈ। ਮਨੁੱਖ ਤੋਂ ਇਲਾਵਾ ਜੀਵ-ਜੰਤੂਆਂ ਲਈ ਵੀ ਪਾਣੀ ਬਹੁਤ ਜ਼ਰੂਰੀ ਹੈ। ਕੋਈ ਵੀ ਜੀਵ-ਜੰਤੂ ਪਾਣੀ ਤੋਂ ਬਿਨਾ ਨਹੀਂ ਰਹਿ ਸਕਦਾ। ਤੁਸੀਂ ਆਪਣੇ ਘਰਾਂ ਵਿੱਚ ਪਾਲਤੂ ਪਸ਼ੂ ਵੀ ਰੱਖੇ ਹੋਣਗੇ ਜਿਨ੍ਹਾਂ ਨੂੰ ਸਮੇਂ-ਸਮੇਂ ਤੇ ਪਾਣੀ ਪਿਆਇਆ ਜਾਂਦਾ ਹੋਵੇਗਾ।


ਮੱਝਾਂ ਅਤੇ ਗਾਂਵਾਂ ਕਈ-ਕਈ ਬਾਲਟੀਆਂ ਪਾਣੀ ਇੱਕ ਵਾਰ 'ਚ ਹੀ ਪੀ ਜਾਂਦੀਆਂ ਹਨ ਜਦਕਿ ਕੁੱਤੇ-ਬਿੱਲੀਆਂ ਵਰਗੇ ਛੋਟੇ ਜਾਨਵਰਾਂ ਨੂੰ ਅਸੀਂ ਕੌਲੀਆਂ-ਬਾਟੀਆਂ ਵਿੱਚ ਪਾਣੀ ਪਿਆਉਂਦੇ ਹਾਂ। ਜੰਗਲੀ ਜਾਨਵਰ ਜੰਗਲ ਵਿੱਚ ਹੀ ਕਿਸੇ ਛੱਪੜ ਜਾਂ ਨਦੀ ਵਿੱਚੋਂ ਪਾਣੀ ਪੀ ਲੈਂਦੇ ਹਨ। ਕਈ ਜੀਵ-ਜੰਤੂ ਤਾਂ ਰਹਿੰਦੇ ਹੀ ਪਾਣੀ ਵਿੱਚ ਹਨ ਜਿਨ੍ਹਾਂ ਬਾਰੇ ਅਸੀਂ ਅਗਲੀਆਂ ਜਮਾਤਾਂ ਵਿੱਚ ਪੜ੍ਹਾਂਗੇ।

ਇਸ ਤੋਂ ਬਿਨਾਂ ਪੌਦਿਆਂ ਅਤੇ ਬਨਸਪਤੀ ਲਈ ਵੀ ਪਾਣੀ ਜ਼ਰੂਰੀ ਹੈ। ਪੌਦੇ, ਪਾਣੀ ਤੋਂ ਬਿਨਾਂ ਵਧ-ਫੁੱਲ ਨਹੀਂ ਸਕਦੇ। ਪੌਦੇ ਆਪਣੀਆਂ ਜੜ੍ਹਾਂ ਰਾਹੀਂ ਧਰਤੀ 'ਚੋਂ ਪਾਣੀ ਚੂਸਦੇ ਹਨ, ਸਾਨੂੰ ਸਮੇਂ-ਸਮੇਂ ਤੇ ਪੌਦਿਆਂ ਅਤੇ ਖੇਤਾਂ ਨੂੰ ਪਾਣੀ ਦੇਣਾ ਪੈਂਦਾ ਹੈ।

**ਕਿਰਿਆ—1** ਨੋਟ ਕਰੋ, ਤੁਸੀਂ ਰੋਜ਼ਾਨਾ ਕਿੰਨੇ ਗਲਾਸ ਪਾਣੀ ਪੀਂਦੇ ਹੋ।

**ਅਧਿਆਪਕ ਲਈ—** ਬੱਚਿਆਂ ਨੂੰ ਦੱਸੋ ਕਿ ਸਾਨੂੰ ਇੱਕ ਦਿਨ ਵਿੱਚ ਕਿੰਨਾ ਪਾਣੀ ਪੀਣਾ ਚਾਹੀਦਾ ਹੈ।





ਖੇਤਾਂ ਵਿੱਚ ਫ਼ਸਲਾਂ ਨੂੰ ਵੀ ਸਮੇਂ-ਸਮੇਂ 'ਤੇ ਪਾਣੀ ਦੀ ਲੋੜ ਪੈਂਦੀ ਹੈ। ਤੁਸੀਂ ਵੇਖਿਆ ਹੋਵੇਗਾ ਕਿ ਖੇਤਾਂ ਵਿੱਚ ਟਿਊਬਵੈੱਲਾਂ ਰਾਹੀਂ ਫ਼ਸਲਾਂ ਨੂੰ ਪਾਣੀ ਦਿੱਤਾ ਜਾਂਦਾ ਹੈ। ਇਸਦਾ ਅਰਥ ਇਹ ਹੈ ਕਿ ਜੇਕਰ ਪਾਣੀ ਨਾ ਹੋਵੇ ਤਾਂ ਫ਼ਸਲਾਂ ਵੀ ਨਹੀਂ ਹੋਣਗੀਆਂ ਅਤੇ ਨਾ ਹੀ ਅਨਾਜ ਹੋਵੇਗਾ ਜਿਸ ਤੋਂ ਸਾਡਾ ਭੋਜਨ ਬਣਦਾ ਹੈ। ਇਸ ਲਈ ਪਾਣੀ ਤੋਂ ਬਿਨਾ ਸਾਨੂੰ ਅਨਾਜ ਵੀ ਨਹੀਂ ਮਿਲ ਸਕਦਾ।

**ਸੋਚੋ ! ਜੇਕਰ ਸਾਨੂੰ ਪਾਣੀ ਨਾ ਮਿਲੇ ਤਾਂ ਕੀ ਹੋਵੇਗਾ ?**

**ਰੋਜ਼ਾਨਾ ਜੀਵਨ ਵਿੱਚ ਪਾਣੀ ਦੀ ਵਰਤੋਂ—**


ਬੁਰਸ਼ ਕਰਨਾ


ਨਹਾਉਣਾ


ਕੱਪੜੇ ਧੋਣਾ


ਖਾਣਾ ਪਕਾਉਣਾ


ਬਰਤਨ ਧੋਣਾ


ਸਫ਼ਾਈ ਕਰਨਾ


ਖੇਤਾਂ ਨੂੰ ਪਾਣੀ ਦੇਣਾ


ਬਗ਼ੀਚੇ ਨੂੰ ਪਾਣੀ ਦੇਣਾ

ਅਸੀਂ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੇ ਕੰਮਾਂ ਲਈ ਪਾਣੀ ਦੀ ਵਰਤੋਂ ਕਰਦੇ ਹਾਂ। ਬੱਚਿਓ! ਦਿੱਤੀਆਂ ਗਈਆਂ ਤਸਵੀਰਾਂ ਨੂੰ ਵੇਖ ਕੇ ਕੀ ਤੁਸੀਂ ਦੱਸ ਸਕਦੇ ਹੋ ਕਿ ਪਾਣੀ ਦੀ ਵਰਤੋਂ ਅਸੀਂ ਕਿਹੜੇ-ਕਿਹੜੇ ਕੰਮਾਂ ਲਈ ਕਰਦੇ ਹਾਂ ? ਇਸ ਦੀ ਇੱਕ ਸੂਚੀ ਬਣਾਉ—

| ਪਾਣੀ ਦੀ ਵਰਤੋਂ ਦੀ ਸੂਚੀ | | | |
|---|---|---|---|
| 1. | ................. | 6. | ................. |
| 2. | ................. | 7. | ................. |
| 3. | ................. | 8. | ................. |
| 4. | ................. | 9. | ................. |
| 5. | ................. | 10. | ................. |

ਇਨ੍ਹਾਂ ਕੰਮਾਂ ਤੋਂ ਇਲਾਵਾ ਕਈ ਫੈਕਟਰੀਆਂ ਅਤੇ ਕਾਰਖਾਨਿਆਂ ਵਿੱਚ ਵੀ ਪਾਣੀ ਦੀ ਬਹੁਤ ਵਰਤੋਂ ਹੁੰਦੀ ਹੈ।



## ਯਾਦ ਰੱਖਣ ਯੋਗ ਗੱਲਾਂ

- ਪਾਣੀ ਹੀ ਇਸ ਧਰਤੀ 'ਤੇ ਜੀਵਨ ਦਾ ਆਧਾਰ ਹੈ।
- ਪਾਣੀ ਤੋਂ ਬਿਨਾ ਮਨੁੱਖ, ਜੀਵ-ਜੰਤੂ ਅਤੇ ਪੌਦੇ ਜਿਉਂਦੇ ਨਹੀਂ ਰਹਿ ਸਕਦੇ।
- ਪਾਣੀ ਤੋਂ ਬਿਨਾ ਫ਼ਸਲਾਂ ਵੀ ਪੈਦਾ ਨਹੀਂ ਹੋ ਸਕਦੀਆਂ।
- ਪਾਣੀ ਰੋਜ਼ਾਨਾ ਜੀਵਨ ਵਿੱਚ ਸਾਡੇ ਕਈ ਕੰਮ ਆਉਂਦਾ ਹੈ।
- ਪਾਣੀ ਦੀ ਵਰਤੋਂ ਕਈ ਕਾਰਖ਼ਾਨਿਆਂ ਵਿੱਚ ਵੀ ਕੀਤੀ ਜਾਂਦੀ ਹੈ।
- ਪਾਣੀ ਤੋਂ ਬਿਜਲੀ ਵੀ ਪੈਦਾ ਕੀਤੀ ਜਾਂਦੀ ਹੈ।



1. ਖ਼ਾਲੀ ਥਾਂਵਾਂ ਭਰੋ—

(ਪਿਆਸ, ਪਾਣੀ, ਜੀਵਨ, ਜਿਉਂਦੇ, ਬਿਜਲੀ)

(ੳ) ਪਾਣੀ ਹੀ ..................... ਹੈ।

(ਅ) ਪਾਣੀ ਹੀ ਸਾਡੀ ..................... ਬੁਝਾਉਂਦਾ ਹੈ।

(ੲ) ਪਾਣੀ ਤੋਂ ਬਿਨਾਂ ਅਸੀਂ ..................... ਨਹੀਂ ਰਹਿ ਸਕਦੇ।

(ਸ) ਪਾਣੀ ਤੋਂ ..................... ਵੀ ਪੈਦਾ ਕੀਤੀ ਜਾਂਦੀ ਹੈ।

(ਹ) ਸਾਡੇ ਸਰੀਰ ਵਿੱਚ ਬਹੁਤਾ ਭਾਗ ..................... ਹੀ ਹੈ।

2. **ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਓ—**

(ੳ) ਪਿਆਸ ਲੱਗਣ 'ਤੇ ਅਸੀਂ ਸਭ ਤੋਂ ਪਹਿਲਾਂ ਕੀ ਪੀਂਦੇ ਹਾਂ ?

ਦੁੱਧ ☐ ਚਾਹ ☐ ਪਾਣੀ ☐

(ਅ) ਪੌਦੇ ਧਰਤੀ ਹੇਠੋਂ ਪਾਣੀ ਕਿਵੇਂ ਚੂਸਦੇ ਹਨ ?

ਜੜ੍ਹਾਂ ਰਾਹੀਂ ☐

ਪੱਤਿਆਂ ਰਾਹੀਂ ☐

ਟਾਹਣੀਆਂ ਰਾਹੀਂ ☐

(ੲ) ਟਿਊਬਵੈੱਲਾਂ ਰਾਹੀਂ ਪਾਣੀ ਕਿੱਥੇ ਦਿੱਤਾ ਜਾਂਦਾ ਹੈ।

ਖੇਤਾਂ ਵਿੱਚ ☐ ਘਰਾਂ ਵਿੱਚ ☐ ਜੰਗਲਾਂ ਵਿੱਚ ☐

(ਸ) ਬਿਜਲੀ ਪੈਦਾ ਕਰਨ ਲਈ ਨਦੀਆਂ ਉੱਤੇ ਕੀ ਬਣਾਏ ਜਾਂਦੇ ਹਨ ?

ਕਾਰਖਾਨੇ ☐ ਡੈਮ ☐ ਬਿਜਲੀ-ਘਰ ☐

(ਹ) ਪਾਣੀ ਦੀ ਲੋੜ ਕਿਸਨੂੰ ਹੈ ?

ਮਨੁੱਖ ਨੂੰ ☐ ਜੀਵ-ਜੰਤੂਆਂ ਨੂੰ ☐ ਸਾਰਿਆਂ ਨੂੰ ☐

3. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ—**

(ੳ) ਪੌਦਿਆਂ ਨੂੰ ਪਾਣੀ ਦੀ ਕੋਈ ਲੋੜ ਨਹੀਂ। ☐

(ਅ) ਜੰਗਲੀ-ਜਾਨਵਰ ਪਾਣੀ ਤੋਂ ਬਿਨਾਂ ਵੀ ਰਹਿ ਲੈਂਦੇ ਹਨ। ☐

(ੲ) ਪਾਣੀ ਭੋਜਨ ਨੂੰ ਪਚਾਉਣ ਵਿੱਚ ਵੀ ਸਾਡੀ ਮਦਦ ਕਰਦਾ ਹੈ। ☐

**ਸੰਖੇਪ ਉੱਤਰ ਦਿਓ—**

ਪ੍ਰਸ਼ਨ 4 ਜੰਗਲੀ ਜਾਨਵਰ ਪਾਣੀ ਕਿੱਥੋਂ ਪੀਂਦੇ ਹਨ ?

..............................................................................................

..............................................................................................

ਪ੍ਰਸ਼ਨ 5 ਮੱਝਾਂ ਤੇ ਗਾਂਵਾਂ ਇੱਕ ਵਾਰ ਵਿੱਚ ਕਿੰਨਾਂ ਪਾਣੀ ਪੀਂਦੀਆਂ ਹਨ ?

..............................................................................................

..............................................................................................

ਪ੍ਰਸ਼ਨ 6 ਪਾਣੀ ਕਿਉਂ ਜ਼ਰੂਰੀ ਹੈ ?

..............................................................................................

..............................................................................................



**ਜ਼ਰਾ ਸੋਚੋ—** ਜੇਕਰ ਇਸ ਧਰਤੀ ’ਤੇ ਪਾਣੀ ਨਹੀਂ ਹੋਵੇਗਾ ਤਾਂ ਕੀ ਹੋਵੇਗਾ ? (ਇਹ ਕਲਪਨਾ ਕਰਨ ਵਿੱਚ ਅਧਿਆਪਕ ਬੱਚਿਆਂ ਦੀ ਮਦਦ ਕਰੇ)

*****



ਪਾਠ-14

# ਪਾਣੀ ਦੇ ਸ੍ਰੋਤ

ਅਗਲੇ ਦਿਨ ਸਵੇਰ ਦੀ ਸਭਾ ਤੋਂ ਬਾਅਦ ਅਧਿਆਪਕ ਨੇ ਮੁੜ ਪਾਣੀ ਬਾਰੇ ਚਰਚਾ ਸ਼ੁਰੂ ਕਰ ਦਿੱਤੀ। "ਪਿਆਰੇ ਬੱਚਿਓ! ਪਾਣੀ ਜੀਵਨ ਦਾ ਆਧਾਰ ਹੈ। ਪਾਣੀ ਤੋਂ ਬਿਨਾਂ ਜੀਵਨ ਸੰਭਵ ਹੀ ਨਹੀਂ। ਕੀ ਤੁਹਾਨੂੰ ਪਤਾ ਹੈ ਕਿ ਪਾਣੀ ਕਿੱਥੋਂ ਆਉਂਦਾ ਹੈ? ਉਸ ਦੇ ਸ੍ਰੋਤ ਕੀ ਹਨ ?

**ਹਰਮਨ** — ਸਾਡੇ ਘਰ ਤਾਂ ਜੀ ਪਾਣੀ ਟੂਟੀਆਂ ਰਾਹੀਂ ਆਉਂਦਾ ਹੈ।

**ਅਧਿਆਪਕ** — ਟੂਟੀਆਂ ਵਿੱਚ ਪਾਣੀ ਕਿੱਥੋਂ ਆਉਂਦਾ ਹੈ ?

**ਜਸਲੀਨ** — ਉਹ ਤਾਂ ਵੱਡੀ ਟੈਂਕੀ ਵਿੱਚੋਂ ਆਉਂਦਾ ਹੈ।

**ਅਧਿਆਪਕ**-ਹਾਂ-ਹਾਂ, ਬੱਚਿਓ! ਬਿਲਕੁਲ ਸਹੀ। ਪਰ ਵੱਡੀ ਟੈਂਕੀ ਵਿੱਚ ਵੀ ਪਾਣੀ ਕਿੱਥੋਂ ਆਉਂਦਾ ਹੈ ?"

ਬੱਚਿਆਂ ਨੂੰ ਚੁੱਪ ਵੇਖ ਕੇ ਅਧਿਆਪਕ ਨੇ ਸਮਝਾਇਆ ਵੱਡੀ ਟੈਂਕੀ ਵਿੱਚ ਪਾਣੀ ਨਹਿਰਾਂ ਵਿੱਚੋਂ ਜਾਂ ਧਰਤੀ ਹੇਠੋਂ ਹੀ ਟਿਊਬਵੈੱਲ ਰਾਹੀਂ ਕੱਢਿਆ ਜਾਂਦਾ ਹੈ। ਇਹ ਸਾਰਾ ਕੰਮ ਵਾਟਰ ਵਰਕਸ ਵਿਭਾਗ ਵੱਲੋਂ ਕੀਤਾ ਜਾਂਦਾ ਹੈ।

**ਪ੍ਰਸ਼ਨ 1. ਧਰਤੀ ਹੇਠੋਂ ਪਾਣੀ ਕਿਵੇਂ ਕੱਢਿਆ ਜਾਂਦਾ ਹੈ ?**

..............................................................................

..............................................................................

### ਵਰਖਾ

"ਪਿਆਰੇ ਬੱਚਿਓ! ਮੀਂਹ ਪੈਂਦਾ ਤਾਂ ਤੁਸੀਂ ਸਾਰਿਆਂ ਨੇ ਵੇਖਿਆ ਹੀ ਹੋਣਾ। ਵਰਖਾ ਦਾ ਪਾਣੀ ਹੀ ਵਹਿੰਦਾ ਹੋਇਆ ਨਦੀਆਂ, ਨਾਲਿਆਂ, ਦਰਿਆਵਾਂ, ਛੱਪੜਾਂ, ਤਲਾਬਾਂ ਦਾ ਰੂਪ ਲੈ ਲੈਂਦਾ ਹੈ।



**ਪ੍ਰਸ਼ਨ 2. ਧਰਤੀ 'ਤੇ ਪਾਣੀ ਦਾ ਮੁੱਖ ਸੋਮਾ ਕੀ ਹੈ ?**

...........................................................................

...........................................................................

## ਬਰਫ਼ਬਾਰੀ

ਬਰਫ਼ਬਾਰੀ ਵੀ ਵਰਖਾ ਦਾ ਹੀ ਰੂਪ ਹੈ। ਉੱਚੇ ਪਹਾੜੀ ਖੇਤਰਾਂ ਵਿੱਚ ਬਹੁਤ ਜ਼ਿਆਦਾ ਸਰਦੀ ਕਾਰਨ ਮੀਂਹ ਦੀਆਂ ਬੂੰਦਾਂ ਜੰਮ ਜਾਂਦੀਆਂ ਹਨ ਅਤੇ ਬਰਫ਼ ਦੇ ਰੂਪ ਵਿੱਚ ਡਿਗਦੀਆਂ ਹਨ। ਇਹ ਬਰਫ਼ ਪਹਾੜਾਂ ਦੀਆਂ ਚੋਟੀਆਂ 'ਤੇ ਜੰਮ ਜਾਂਦੀ ਹੈ। ਗਰਮੀਆਂ ਵਿੱਚ ਇਹ ਬਰਫ਼ ਪਿਘਲ ਕੇ ਪਾਣੀ ਦੇ ਰੂਪ ਵਿੱਚ ਨਦੀਆਂ, ਨਾਲਿਆਂ ਅਤੇ ਦਰਿਆਵਾਂ ਰਾਹੀਂ ਸਮੁੰਦਰ ਤੱਕ ਪਹੁੰਚਦੀ ਹੈ।



**ਨਦੀਆਂ ਜਾਂ ਦਰਿਆ—** ਵਰਖਾ ਜਾਂ ਬਰਫ਼ਬਾਰੀ ਦਾ ਪਿਘਲਿਆ ਪਾਣੀ ਜਦੋਂ ਪਹਾੜਾਂ ਤੋਂ ਝਰਨਿਆਂ ਦੇ ਰੂਪ ਵਿੱਚ ਹੇਠਾਂ ਵੱਲ ਵਹਿ ਤੁਰਦਾ ਹੈ ਤਾਂ ਆਪਣਾ ਰਸਤਾ ਮੈਦਾਨਾਂ ਵਿੱਚੋਂ ਆਪ ਹੀ ਬਣਾ ਲੈਂਦਾ ਹੈ। ਇਸੇ ਨੂੰ ਨਦੀ ਜਾਂ ਦਰਿਆ ਆਖਦੇ ਹਨ। **ਗੰਗਾ**, **ਜਮੁਨਾ**, **ਸਤਲੁਜ**, **ਬਿਆਸ** ਆਦਿ ਉੱਤਰੀ ਭਾਰਤ ਦੀਆਂ ਪ੍ਰਮੁੱਖ ਨਦੀਆਂ ਹਨ। ਸਤਲੁਜ, ਬਿਆਸ ਅਤੇ ਰਾਵੀ ਦਰਿਆ ਪੰਜਾਬ ਵਿੱਚੋਂ ਲੰਘਦੇ ਹਨ।



**ਪ੍ਰਸ਼ਨ 3. ਪੰਜਾਬ ਵਿੱਚੋਂ ਕਿਹੜੇ-ਕਿਹੜੇ ਦਰਿਆ ਲੰਘਦੇ ਹਨ ?**

.......................................................................................

.......................................................................................

**ਨਹਿਰਾਂ ਜਾਂ ਸੂਏ—** ਨਹਿਰਾਂ, ਸੂਏ ਜਾਂ ਨਾਲੇ ਨਦੀਆਂ ਦੇ ਪਾਣੀ ਨੂੰ ਦੂਰ-ਦੂਰ ਦੇ ਖੇਤਰਾਂ ਵਿੱਚ ਪਹੁੰਚਾਉਣ ਲਈ ਬਣਾਏ ਜਾਂਦੇ ਹਨ। ਇਨ੍ਹਾਂ ਦਾ ਮੁੱਖ ਮੰਤਵ ਸਿੰਜਾਈ ਅਤੇ ਪੀਣ-ਵਾਲੇ ਪਾਣੀ ਦੀਆਂ ਲੋੜਾਂ ਪੂਰੀਆਂ ਕਰਨਾ ਹੁੰਦਾ ਹੈ। ਜਿਵੇਂ : ਭਾਖੜਾ ਨਹਿਰ।



**ਟੋਭੇ ਜਾਂ ਤਲਾਬ—** ਇਹ ਪਿੰਡਾਂ-ਸ਼ਹਿਰਾਂ ਵਿਚਲੇ ਉਹ ਨੀਵੇਂ ਖੇਤਰ ਹੁੰਦੇ ਹਨ ਜਿਨ੍ਹਾਂ ਵਿੱਚ ਵਰਖਾ ਦਾ ਪਾਣੀ ਇਕੱਠਾ ਕੀਤਾ ਜਾਂਦਾ ਹੈ। ਇਸ ਦੀ ਵਰਤੋਂ ਕਈ ਖੇਤਰਾਂ ਵਿੱਚ ਸਿੰਜਾਈ ਲਈ ਵੀ ਕੀਤੀ ਜਾਂਦੀ ਹੈ ਅਤੇ ਕਈ ਥਾਂਵਾਂ ਤੇ ਤਲਾਬ ਵਿੱਚ ਮੱਛੀਆਂ ਵੀ ਪਾਲੀਆਂ ਜਾਂਦੀਆਂ ਹਨ।



**ਸਤਰੰਗੀ ਪੀਂਘ—** ਅਸੀਂ ਕਈ ਵਾਰੀ ਵਰਖਾ ਪਿੱਛੋਂ ਅਸਮਾਨ ਵਿੱਚ ਸੱਤ ਰੰਗਾਂ ਤੋਂ ਬਣਿਆ ਇੱਕ ਅਰਧ-ਚੱਕਰ ਵੇਖਦੇ ਹਾਂ। ਇਸਨੂੰ ਸਤਰੰਗੀ ਪੀਂਘ ਵੀ ਕਿਹਾ ਜਾਂਦਾ ਹੈ। ਸਤਰੰਗੀ ਪੀਂਘ ਮੀਂਹ ਪੈਣ ਤੋਂ ਬਾਅਦ ਸੂਰਜ ਤੋਂ ਉਲਟ ਦਿਸ਼ਾ ਵੱਲ ਬਣੀ ਦਿਖਾਈ ਦਿੰਦੀ ਹੈ।



## ਅਧਿਆਪਕ ਲਈ

1. ਬੱਚਿਆਂ ਨੂੰ ਸਤਰੰਗੀ ਪੀਂਘ ਦੇ ਸੱਤ ਰੰਗਾਂ *(VIBGYOR)* ਦੀ ਸਹੀ ਪਛਾਣ ਅਤੇ ਤਰਤੀਬ ਤੋਂ ਜਾਣੂ ਕਰਵਾਇਆ ਜਾਵੇ।

**ਪ੍ਰਸ਼ਨ 4. ਸਤਰੰਗੀ ਪੀਂਘ ਵਿੱਚ ਕਿੰਨੇ ਰੰਗ ਹੁੰਦੇ ਹਨ ?**

..........................................................................................

..........................................................................................

**ਧਰਤੀ ਹੇਠਲਾ ਪਾਣੀ (ਭੂ-ਜਲ)**—ਅਸੀਂ ਪਹਿਲਾਂ ਹੀ ਪੜ੍ਹ ਚੁੱਕੇ ਹਾਂ ਕਿ ਵਰਖਾ ਦਾ ਪਾਣੀ ਹੀ ਧਰਤੀ ਵਿੱਚ ਸਮਾ ਜਾਂਦਾ ਹੈ ਜਿਸਨੂੰ ਅਸੀਂ ਭੂ-ਜਲ ਜਾਂ ਧਰਤੀ ਹੇਠਲਾ ਪਾਣੀ ਆਖਦੇ ਹਾਂ। ਇਸਨੂੰ ਧਰਤੀ ਹੇਠੋਂ ਖੂਹਾਂ, ਨਲਕਿਆਂ ਜਾਂ ਟਿਊਬਵੈੱਲਾਂ ਰਾਹੀਂ ਕੱਢਿਆ ਜਾਂਦਾ ਹੈ। ਭੂ-ਜਲ ਨੂੰ ਧਰਤੀ ਹੇਠਾਂ ਜਮ੍ਹਾਂ ਹੋਣ ਵਿੱਚ ਹਜ਼ਾਰਾਂ ਸਾਲ ਲੱਗਦੇ ਹਨ। ਇਸ ਲਈ ਇਸਦੀ ਵਰਤੋਂ ਸੰਜਮ ਨਾਲ਼ ਕਰਨੀ ਚਾਹੀਦੀ ਹੈ।

**ਪ੍ਰਸ਼ਨ 5. ਪਾਣੀ ਦੀ ਵਰਤੋਂ ਸੰਜਮ ਨਾਲ਼ ਕਿਉਂ ਕਰਨੀ ਚਾਹੀਦੀ ਹੈ ?**

..........................................................................................

..........................................................................................

**ਪਾਣੀ ਦੀ ਕਮੀ**— ਅੱਜ-ਕੱਲ੍ਹ ਅਸੀਂ ਪਾਣੀ ਦੀ ਬਹੁਤ ਦੁਰਵਰਤੋਂ ਕਰ ਰਹੇ ਹਾਂ। ਇਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡੂੰਘਾ ਹੋ ਰਿਹਾ ਹੈ। ਘਰਾਂ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਨਦੀਆਂ ਅਤੇ ਦਰਿਆਵਾਂ ਦੇ ਸਾਫ਼ ਪਾਣੀ ਵਿੱਚ ਮਿਲ ਰਿਹਾ ਹੈ। ਇਸ ਤਰ੍ਹਾਂ ਪੀਣ ਵਾਲ਼ੇ ਸਾਫ਼ ਪਾਣੀ ਦੀ ਲਗਾਤਾਰ ਕਮੀ ਹੋ ਰਹੀ ਹੈ। ਸਾਨੂੰ ਸਾਰਿਆਂ ਨੂੰ ਕਦੇ ਵੀ ਪਾਣੀ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ। ਸਾਨੂੰ ਆਪਣੇ ਦੋਸਤਾਂ ਨਾਲ਼ ਮਿਲ਼ ਕੇ ਪਾਣੀ ਦੀ ਕਮੀਂ ਅਤੇ ਦੁਰਵਰਤੋਂ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਨਾ ਚਾਹੀਦਾ ਹੈ।

**ਅਧਿਆਪਕ ਲਈ —** ਅਜਿਹੀਆਂ ਗਤੀਵਿਧੀਆਂ ਦੀ ਸੂਚੀ ਤਿਆਰ ਕਰਨ ਵਿੱਚ ਵਿਦਿਆਰਥੀਆਂ ਦੀ ਮਦਦ ਕੀਤੀ ਜਾਵੇ ਜਿਨ੍ਹਾਂ ਨਾਲ਼ ਪਾਣੀ ਦੀ ਦੁਰਵਰਤੋਂ ਹੁੰਦੀ ਹੈ।



## ਯਾਦ ਰੱਖਣ ਯੋਗ ਗੱਲਾਂ

- ਧਰਤੀ ਉੱਤੇ ਪਾਣੀ ਦੇ ਅਨੇਕ ਸ੍ਰੋਤ ਹਨ।
- ਪਾਣੀ ਦਾ ਮੁੱਖ ਸ੍ਰੋਤ ਵਰਖਾ ਹੈ।
- ਧਰਤੀ ਹੇਠਲਾ ਪਾਣੀ ਵੀ ਅਸਲ ਵਿੱਚ ਵਰਖਾ ਦਾ ਪਾਣੀ ਹੀ ਹੁੰਦਾ ਹੈ।
- ਬਰਫ਼ਬਾਰੀ ਵੀ ਵਰਖਾ ਦਾ ਹੀ ਰੂਪ ਹੈ।
- ਸਤਰੰਗੀ ਪੀਂਘ ਮੀਂਹ ਪੈਣ ਤੋਂ ਬਾਅਦ ਬਣਦੀ ਹੈ।
- ਘਰ ਅਤੇ ਗੱਡੀਆਂ ਧੋਣ ਨਾਲ਼ ਵੀ ਪਾਣੀ ਦੀ ਦੁਰਵਰਤੋਂ ਹੁੰਦੀ ਹੈ।



6. **ਖ਼ਾਲੀ ਥਾਂਵਾਂ ਭਰੋ।**

(ਵਾਟਰ-ਵਰਕਸ ਵਿਭਾਗ, ਮੱਛੀਆਂ, ਵਰਖਾ, ਸਮੁੰਦਰ, ਸੱਤ)

(ੳ) ਧਰਤੀ ਉੱਤੇ ਪਾਣੀ ਦਾ ਮੁੱਖ ਸ੍ਰੋਤ........................ ਹੈ।

(ਅ) ਸਾਡੇ ਘਰਾਂ ਦੀਆਂ ਟੂਟੀਆਂ ਲਈ ਪਾਣੀ ਦਾ ਪ੍ਰਬੰਧ .................ਕਰਦਾ ਹੈ।

(ੲ) ਸਤਰੰਗੀ ਪੀਂਘ ਵਿੱਚ ........................ ਰੰਗ ਹੁੰਦੇ ਹਨ।

(ਸ) ਦਰਿਆ ਅਖੀਰ ........................ ਵਿੱਚ ਮਿਲ਼ ਜਾਂਦਾ ਹੈ।

(ਹ) ਤਲਾਬਾਂ ਵਿੱਚ ........................ ਵੀ ਪਾਲੀਆਂ ਜਾਂਦੀਆਂ ਹਨ।

7. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ—**

(ੳ) ਸਤਲੁਜ ਦਰਿਆ ਪੰਜਾਬ ਵਿੱਚੋਂ ਲੰਘਦਾ ਹੈ। ☐

(ਅ) ਸਤਰੰਗੀ ਪੀਂਘ ਮੀਂਹ ਪੈਣ ਤੋਂ ਪਹਿਲਾਂ ਬਣਦੀ ਹੈ। ☐

(ੲ) ਧਰਤੀ ਹੇਠਲਾ ਪਾਣੀ ਵੀ ਵਰਖਾ ਦਾ ਪਾਣੀ ਹੀ ਹੁੰਦਾ ਹੈ। ☐

(ਸ) ਭੂ-ਜਲ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ। ☐

(ਹ) ਸਤਰੰਗੀ ਪੀਂਘ ਸੂਰਜ ਵੱਲ ਵੇਖਣ 'ਤੇ ਵਿਖਾਈ ਦਿੰਦੀ ਹੈ। ☐

**8. ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਓ—**

(ੳ) ਸਤਰੰਗੀ ਪੀਂਘ ਵਿੱਚ ਇਨ੍ਹਾਂ ਵਿੱਚੋਂ ਕਿਹੜਾ ਰੰਗ ਨਹੀਂ ਹੁੰਦਾ ?

ਲਾਲ ☐ ਪੀਲਾ ☐ ਗੁਲਾਬੀ ☐

(ਅ) ਉੱਤਰੀ ਭਾਰਤ ਦੀ ਮੁੱਖ ਨਦੀ ਕਿਹੜੀ ਹੈ ?

ਗੰਗਾ ☐ ਕ੍ਰਿਸ਼ਨਾ ☐ ਨਰਮਦਾ ☐

(ੲ) ਧਰਤੀ ਹੇਠਾਂ ਪਾਣੀ ਜਮ੍ਹਾਂ ਹੋਣ ਨੂੰ ਕਿੰਨੇ ਸਾਲ ਲੱਗਦੇ ਹਨ ?

10 ਸਾਲ ☐ 100 ਸਾਲ ☐ ਹਜ਼ਾਰਾਂ ਸਾਲ ☐

(ਸ) ਕਿਹੜਾ ਦਰਿਆ ਪੰਜਾਬ ਵਿੱਚੋਂ ਨਹੀਂ ਲੰਘਦਾ ?

ਜਮੁਨਾ ☐ ਰਾਵੀ ☐ ਬਿਆਸ ☐

**9. ਸਤਰੰਗੀ ਪੀਂਘ ਦਾ ਚਿੱਤਰ ਬਣਾ ਕੇ ਸਹੀ ਤਰਤੀਬ ਵਿੱਚ ਰੰਗ ਭਰੋ—**

*****



ਪਾਠ-15

# ਸ੍ਰੀ ਅੰਮ੍ਰਿਤਸਰ ਸਾਹਿਬ ਦਾ ਟੂਰ

ਸੁਖਵਿੰਦਰ ਤੇ ਅਮਨ ਸਰਕਾਰੀ ਪ੍ਰਾਇਮਰੀ ਸਕੂਲ, ਫੇਜ 3ਬੀ-1, (ਮੋਹਾਲੀ) ਦੇ ਵਿਦਿਆਰਥੀ ਹਨ। ਉਨ੍ਹਾਂ ਦੀ ਅਧਿਆਪਕਾ ਸ੍ਰੀਮਤੀ ਰਿਸ਼ਮਾ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਜਮਾਤ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਟੂਰ 'ਤੇ ਲਿਜਾਇਆ ਜਾਵੇਗਾ। ਅਮਨ ਬਹੁਤ ਖ਼ੁਸ਼ ਸੀ, ਪਰ ਉਸਨੂੰ ਇਸ ਗੱਲ ਦਾ ਦੁੱਖ ਵੀ ਸੀ ਕਿ ਉਸਦਾ ਸੱਭ ਤੋਂ ਗੂੜ੍ਹਾ ਮਿੱਤਰ ਸੁਖਵਿੰਦਰ ਨਾਲ਼ ਨਹੀਂ ਸੀ ਜਾ ਰਿਹਾ ਕਿਉਂਕਿ ਉਸਨੂੰ ਦੋ ਦਿਨਾਂ ਤੋਂ ਬੁਖ਼ਾਰ ਸੀ ਅਤੇ ਡਾਕਟਰਾਂ ਨੇ ਉਸਨੂੰ ਆਰਾਮ ਕਰਨ ਦੀ ਹਦਾਇਤ ਕੀਤੀ ਸੀ। ਅਮਨ ਨੇ ਸੁਖਵਿੰਦਰ ਨਾਲ਼ ਵਾਅਦਾ ਕੀਤਾ ਕਿ ਉਹ ਚਿੰਤਾ ਨਾ ਕਰੇ ਉਹ ਉਸਨੂੰ ਵਾਪਿਸ ਆ ਕੇ ਟੂਰ ਬਾਰੇ ਸਾਰੀਆਂ ਗੱਲਾਂ ਸੁਣਾਵੇਗਾ। ਅਮਨ ਆਪਣੀ ਜਮਾਤ ਨਾਲ਼ ਟੂਰ 'ਤੇ ਚਲਾ ਗਿਆ। ਟੂਰ ਤੋਂ ਵਾਪਸ ਆ ਕੇ ਉਹ ਸੁਖਵਿੰਦਰ ਦੇ ਘਰ ਆਇਆ। ਸੁਖਵਿੰਦਰ ਅਮਨ ਕੋਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਬਾਰੇ ਜਾਣਨ ਲਈ ਬਹੁਤ ਉਤਸੁਕ ਸੀ।

**ਸੁਖਵਿੰਦਰ** — ਅਮਨ, ਤੁਸੀਂ ਕਦੋਂ ਵਾਪਸ ਆਏ।

**ਅਮਨ** — ਅਸੀਂ ਕੱਲ੍ਹ ਬਾਅਦ ਦੁਪਹਿਰ ਵਾਪਸ ਪਰਤੇ ਸੀ।

**ਸੁਖਵਿੰਦਰ** — ਸ੍ਰੀ ਅੰਮ੍ਰਿਤਸਰ ਸਾਹਿਬ ਤਾਂ ਬਹੁਤ ਦੂਰ ਹੈ, ਉੱਥੇ ਜਾਣ ਲਈ ਤੁਸੀਂ ਕਿਹੜੇ ਸਾਧਨ ਦੀ ਵਰਤੋਂ ਕੀਤੀ ?

**ਅਮਨ** — ਮੋਹਾਲੀ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਲਗਭਗ 240 ਕਿਲੋਮੀਟਰ ਦੀ ਦੂਰੀ 'ਤੇ ਹੈ। ਰਿਸ਼ਮਾ ਮੈਡਮ ਨੇ ਕਲਾਸ ਵਿੱਚ ਦੱਸਿਆ ਸੀ ਕਿ ਛੋਟੀ ਦੂਰੀ ਲਈ ਜਿੱਥੇ ਅਸੀਂ ਸਾਈਕਲ, ਰਿਕਸ਼ਾ ਅਤੇ ਆਟੋ ਰਿਕਸ਼ਾ ਦੀ ਵਰਤੋਂ ਕਰਦੇ ਹਾਂ, ਉੱਥੇ ਹੀ ਲੰਬੀ ਦੂਰੀ ਲਈ ਕਾਰ, ਜੀਪ, ਬੱਸ, ਰੇਲਗੱਡੀ ਅਤੇ ਹਵਾਈ ਜਹਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਅਸੀਂ ਸ੍ਰੀ ਅੰਮ੍ਰਿਤਸਰ ਸਾਹਿਬ ਰੇਲਗੱਡੀ ਰਾਹੀਂ ਜਾਵਾਂਗੇ।

ਅਸੀਂ ਰੇਲ-ਗੱਡੀ ਰਾਹੀਂ ਸ੍ਰੀ ਅੰਮ੍ਰਿਤਸਰ ਸਾਹਿਬ ਗਏ। ਚੰਡੀਗੜ੍ਹ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰੇਲਗੱਡੀ ਸਵੇਰੇ ਸੱਤ ਵਜੇ ਜਾਂਦੀ ਹੈ। ਇਸੇ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਲਈ ਅਸੀਂ ਸਾਰੇ ਰੇਲਵੇ ਸਟੇਸ਼ਨ 'ਤੇ ਇਕੱਠੇ ਹੋਏ ਸੀ। ਮੈਨੂੰ ਮੇਰੇ ਪਿਤਾ ਜੀ ਸਕੂਟਰ 'ਤੇ ਸਟੇਸ਼ਨ ਛੱਡ ਆਏ ਸਨ।

**ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਅਸੀਂ ਜਿਨ੍ਹਾਂ ਸਾਧਨਾਂ ਦੀ ਵਰਤੋਂ ਕਰਦੇ ਹਾਂ, ਉਨ੍ਹਾਂ ਨੂੰ ਆਵਾਜਾਈ ਦੇ ਸਾਧਨ ਕਹਿੰਦੇ ਹਨ।**

ਸੁਖਵਿੰਦਰ ਦੀ ਅਧਿਆਪਕਾ ਨੇ ਦੱਸਿਆ ਕਿ ਵੱਖ-ਵੱਖ ਸਥਾਨਾਂ ਉੱਪਰ ਜਾਣ ਲਈ ਵੱਖ-ਵੱਖ ਸਾਧਨ ਵਰਤੇ ਜਾਂਦੇ ਹਨ। ਆਓ ਆਪਾਂ ਇਨ੍ਹਾਂ ਦੇ ਨਾਂ ਲਿਖੀਏ।


1. ........................ 2. ........................ 3. ........................

4. ........................ 5. ........................ 6. ........................

**ਸੁਖਵਿੰਦਰ**—ਰੇਲਵੇ ਸਟੇਸ਼ਨ 'ਤੇ ਪਹੁੰਚ ਕੇ ਤੁਸੀਂ ਕੀ ਕੀਤਾ ?

**ਅਮਨ**— ਰੇਲਵੇ ਸਟੇਸ਼ਨ 'ਤੇ ਬਹੁਤ ਭੀੜ ਸੀ। ਅਸੀਂ ਪਲੇਟਫਾਰਮ 'ਤੇ ਖੜ੍ਹੇ ਹੋ ਕੇ ਗੱਡੀ ਦੀ ਉਡੀਕ ਕੀਤੀ। ਕੁੱਝ ਲੋਕ ਚਾਹ-ਸਟਾਲ ਤੋਂ ਚਾਹ ਪੀ ਰਹੇ ਸਨ। ਕੁੱਝ ਨਾਸ਼ਤਾ ਕਰ ਰਹੇ ਸਨ। ਅਖ਼ਬਾਰ ਵਾਲਾ ਅਖ਼ਬਾਰ ਵੇਚ ਰਿਹਾ ਸੀ। ਸਟੇਸ਼ਨ, ਤੇ ਬਹੁਤ ਚਹਿਲ-ਪਹਿਲ ਸੀ। ਰੇਲਵੇ ਸਟੇਸ਼ਨ 'ਤੇ ਲੋੜਵੰਦਾਂ ਲਈ ਵ੍ਹੀਲ ਚੇਅਰ ਦਾ ਵੀ ਖ਼ਾਸ ਪ੍ਰਬੰਧ ਸੀ।

ਆਪਣੇ ਨਾਨਾ-ਨਾਨੀ ਜਾਂ ਦਾਦਾ-ਦਾਦੀ ਨੂੰ ਪੁੱਛੋ ਕਿ ਜਦੋਂ ਉਹ ਛੋਟੇ ਹੁੰਦੇ ਸਨ ਤਾਂ ਆਉਣ-ਜਾਣ ਲਈ ਕਿਹੜੇ-ਕਿਹੜੇ ਸਾਧਨਾਂ ਦੀ ਵਰਤੋਂ ਕਰਦੇ ਸਨ ?




ਰੇਲਵੇ ਸਟੇਸ਼ਨ ਦਾ ਦ੍ਰਿਸ਼

**ਅਧਿਆਪਕ ਲਈ**— ਇਹ ਇੱਕ ਰੇਲਵੇ ਸਟੇਸ਼ਨ ਦੀ ਤਸਵੀਰ ਹੈ। ਲੋਕ ਵੱਖ-ਵੱਖ ਕੰਮਾਂ ਵਿੱਚ ਰੁੱਝੇ ਹੋਏ ਹਨ। ਬੱਚੇ ਬਹੁਤ ਕਲਪਨਾਸ਼ੀਲ ਹੁੰਦੇ ਹਨ। ਉਨ੍ਹਾਂ ਨੂੰ ਤਸਵੀਰ ਵਿਖਾ ਕੇ ਇਸ ਬਾਰੇ ਦਿੱਤਾ ਖਾਣਾ ਭਰਨ ਲਈ ਕਿਹਾ ਜਾਵੇ।

| ਵਿਅਕਤੀ | ਕੰਮ | ਵਿਅਕਤੀ | ਕੰਮ |
|---|---|---|---|
| 1. | | 4. | |
| 2. | | 5. | |
| 3. | | 6. | |

**ਸੁਖਵਿੰਦਰ**—ਫਿਰ ਗੱਡੀ ਕਦੋਂ ਆਈ ?

**ਅਮਨ**— ਗੱਡੀ ਠੀਕ ਸਮੇਂ 'ਤੇ ਆ ਗਈ। ਸਾਡਾ ਡੱਬਾ ਡੀ-5 ਸੀ। ਅਧਿਆਪਕ ਨੇ ਸਾਰਿਆਂ ਦੇ ਨਾਮ ਪੜ੍ਹੇ ਤੇ ਅਸੀਂ ਆਪੋ ਆਪਣੀਆਂ ਸੀਟਾਂ 'ਤੇ ਬੈਠ ਗਏ। ਗੱਡੀ ਵਿੱਚ ਸਫ਼ਾਈ ਦਾ ਪ੍ਰਬੰਧ ਬਹੁਤ ਵਧੀਆ ਸੀ।

**ਸੁਖਵਿੰਦਰ**—ਮੈਨੂੰ ਬਹੁਤ ਉਤਸੁਕਤਾ ਹੋ ਰਹੀ ਹੈ ਛੇਤੀ ਦੱਸੋ ਅੱਗੇ ਕੀ ਹੋਇਆ ?

**ਅਮਨ**— ਅਸੀਂ ਰਸਤੇ ਵਿੱਚ ਬਹੁਤ ਸਾਰੇ ਖੇਤ ਅਤੇ ਵਾਹਨ ਵੇਖੇ। ਬਾਹਰ ਵੇਖਣ 'ਤੇ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਰੁੱਖ ਭੱਜ ਰਹੇ ਹੋਣ। ਅਸੀਂ ਦੇਖਿਆ ਕਿ ਕਿਸਾਨ ਟ੍ਰੈਕਟਰਾਂ ਰਾਹੀਂ ਆਪਣੇ ਖੇਤਾਂ ਵਿੱਚ ਵਾਹੀ ਕਰ ਰਹੇ ਸਨ। ਇੱਕ ਕਿਸਾਨ ਆਪਣੀ ਬਲਦ ਗੱਡੀ ਵੀ ਲਿਜਾ ਰਿਹਾ ਸੀ। ਦੋਧੀ ਆਪਣੇ ਸਾਈਕਲਾਂ 'ਤੇ ਡੋਨੇ (ਢੋਲ) ਲੱਦ ਕੇ ਸ਼ਹਿਰ ਵੱਲ ਜਾ ਰਹੇ ਸਨ। ਅਸੀਂ ਸਵੇਰੇ ਸਾਢੇ ਗਿਆਰਾਂ ਵਜੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਪਹੁੰਚ ਗਏ।

**ਕਿਰਿਆ-1 :** ਪੁਰਾਣੇ ਅਖ਼ਬਾਰਾਂ ਜਾਂ ਰਸਾਲਿਆਂ ਵਿੱਚੋਂ ਆਵਾਜਾਈ ਦੇ ਸਾਧਨਾਂ ਦੀਆਂ ਤਸਵੀਰਾਂ ਕੱਟ ਕੇ ਇੱਥੇ ਚਿਪਕਾਉ ਅਤੇ ਨਾਂ ਲਿਖੋ।

**ਸੁਖਵਿੰਦਰ** — ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਤੁਸੀਂ ਸਭ ਤੋਂ ਪਹਿਲਾਂ ਕਿੱਥੇ ਗਏ ?



ਸ੍ਰੀ ਹਰਿਮੰਦਰ ਸਾਹਿਬ

**ਅਮਨ** — ਰਿਸ਼ਮਾ ਮੈਡਮ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਅਸੀਂ ਸ੍ਰੀ ਹਰਿਮੰਦਰ ਸਾਹਿਬ ਜਾਵਾਂਗੇ। ਇਸ ਲਈ ਉਨ੍ਹਾਂ ਨੇ ਆਟੋ ਰਿਕਸ਼ਿਆਂ ਦਾ ਪ੍ਰਬੰਧ ਕੀਤਾ ਹੋਇਆ ਸੀ। ਆਟੋ ਰਿਕਸ਼ਾ ਵਾਲਾ ਸਾਨੂੰ 'ਸ਼ੇਰਾਂ ਵਾਲੇ ਗੇਟ' ਲੈ ਗਿਆ। ਉੱਥੋਂ ਅਸੀਂ ਤਾਂਗੇ ਤੇ ਬੈਠ ਕੇ ਟਾਊਨ ਹਾਲ ਪਹੁੰਚੇ। ਇਸ ਤੋਂ ਬਾਅਦ ਅਸੀਂ ਪੈਦਲ ਸ੍ਰੀ ਹਰਿਮੰਦਰ ਸਾਹਿਬ ਵੱਲ ਚੱਲ ਪਏ। ਰਸਤੇ ਵਿੱਚ ਬਹੁਤ ਹੀ ਸੁੰਦਰ ਇਮਾਰਤਾਂ ਸਨ। ਡਾ. ਬੀ.ਆਰ.ਅੰਬੇਡਕਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਵੀ ਸਨ। ਰਸਤੇ ਵਿੱਚ ਇੱਕ ਪਾਸੇ ਬਹੁਤ ਵੱਡੀ ਸਕਰੀਨ ਲੱਗੀ ਹੋਈ ਸੀ। ਜਿਸ ਤੇ ਸ੍ਰੀ ਦਰਬਾਰ ਸਾਹਿਬ ਵਿੱਚ ਚੱਲ ਰਹੇ ਕੀਰਤਨ ਦਾ ਸਿੱਧਾ ਪ੍ਰਸਾਰਣ ਹੋ ਰਿਹਾ ਸੀ।

**ਸੁਖਵਿੰਦਰ** — ਤੁਸੀਂ ਉੱਥੇ ਪੈਦਲ ਕਿਉਂ ਗਏ ?

**ਅਮਨ** — ਮੈਡਮ ਜੀ ਨੇ ਦੱਸਿਆ ਕਿ ਪੈਟਰੋਲ ਅਤੇ ਡੀਜ਼ਲ ਨਾਲ਼ ਚੱਲਣ ਵਾਲ਼ੇ ਵਾਹਨਾਂ ਕਰਕੇ ਹਵਾ ਪ੍ਰਦੂਸ਼ਣ ਬਹੁਤ ਵਧ ਗਿਆ ਹੈ। ਅੰਮ੍ਰਿਤਸਰ ਸ਼ਹਿਰ ਵੀ ਇਸਦੀ ਮਾਰ ਤੋਂ ਅਛੂਤਾ ਨਹੀਂ ਰਿਹਾ। ਗੱਡੀਆਂ ਦੇ ਧੂੰਏਂ ਤੋਂ ਫੈਲਣ ਵਾਲ਼ੇ ਪ੍ਰਦੂਸ਼ਣ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਦੁਆਰਾ ਟਾਊਨ ਹਾਲ ਤੋਂ ਅੱਗੇ ਕਿਸੇ ਵੀ ਵਾਹਨ ਦੇ ਜਾਣ ਦੀ ਮਨਾਹੀ ਹੈ।

**ਸੁਖਵਿੰਦਰ** — ਇਹ ਤਾਂ ਬਹੁਤ ਵਧੀਆ ਗੱਲ ਹੈ, ਅੱਛਾ ਤੁਸੀਂ ਆਪਣਾ ਸਮਾਨ ਕਿੱਥੇ ਰੱਖਿਆ ?

**ਅਮਨ** — ਅਸੀਂ ਕਾਰ ਪਾਰਕਿੰਗ ਦੇ ਸਾਹਮਣੇ, ਗੁਰੂਦੁਆਰਾ ਸਾਰਾਗੜ੍ਹੀ ਦੇ ਨਾਲ਼ ਬਣੀ ਸਰਾਂ ਵਿੱਚ ਠਹਿਰੇ ਸੀ। ਇੱਥੇ ਹੀ ਅਸੀਂ ਕਮਰਿਆਂ ਵਿੱਚ ਆਪਣਾ ਸਮਾਨ ਰੱਖਿਆ। ਇਸ ਤੋਂ ਬਾਅਦ ਅਸੀਂ ਸ੍ਰੀ ਹਰਮੰਦਿਰ ਸਾਹਿਬ ਪੁੱਜੇ। ਅੰਦਰ ਜਾ ਕੇ ਅਸੀਂ ਲਾਈਨ ਵਿੱਚ ਲੱਗ ਕੇ ਮੱਥਾ ਟੇਕਿਆ। ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਗਏ। ਪਰਿਕਰਮਾ ਵਿੱਚ ਅਸੀਂ ਦੁੱਖ-ਭੰਜਨੀ ਬੇਰੀ ਦੇ ਦਰਸ਼ਨ ਵੀ ਕੀਤੇ।

**ਸੁਖਵਿੰਦਰ** — ਕੀ ਤੁਸੀਂ ਲੰਗਰ ਵੀ ਛਕਿਆ ?

**ਅਮਨ** — ਹਾਂ, ਅਸੀਂ ਲੰਗਰ ਘਰ ਵਿੱਚ ਜਾ ਕੇ ਲੰਗਰ ਛਕਿਆ। ਇੱਥੇ ਬਹੁਤ ਵੱਡੀ ਸਮੂਹਿਕ ਰਸੋਈ ਹੈ। ਜਿੱਥੇ ਲੱਖਾਂ ਲੋਕਾਂ ਲਈ ਹਰ ਰੋਜ਼ ਲੰਗਰ ਬਣਦਾ ਹੈ। ਸਾਰੇ ਧਰਮਾਂ ਦੇ ਲੋਕ ਬਿਨਾਂ ਕਿਸੇ ਭੇਦ-ਭਾਵ ਤੋਂ ਇੱਕ ਥਾਂ ਬੈਠ ਕੇ ਲੰਗਰ ਛਕਦੇ ਹਨ।

**ਸੁਖਵਿੰਦਰ** — ਫਿਰ ਤੁਸੀਂ ਕਿੱਥੇ ਗਏ?

**ਅਮਨ** — ਫਿਰ ਅਸੀਂ ਜਲ੍ਹਿਆਂ ਵਾਲਾ ਬਾਗ਼ ਵੇਖਣ ਲਈ ਗਏ। ਇੱਥੇ ਸ਼ਹੀਦਾਂ ਦੀ ਯਾਦ ਵਿੱਚ ਇੱਕ ਯਾਦਗਾਰ ਬਣੀ ਹੋਈ ਹੈ।



ਜਲ੍ਹਿਆ ਵਾਲਾਂ ਬਾਗ਼

**ਸੁਖਵਿੰਦਰ** — ਕੀ ਫਿਰ ਤੁਸੀਂ ਵਾਪਸ ਸਰਾਂ ਵਿਚ ਆ ਗਏ ?

**ਅਮਨ** — ਨਹੀਂ, ਮੈਡਮ ਜੀ ਨੇ ਅੱਗੇ ਆ ਕੇ ਸਾਨੂੰ ਇਲੈਕਟ੍ਰਿਕ ਰਿਕਸ਼ੇ ਦਿਖਾਏ। ਇਹ ਬਿਜਲੀ ਨਾਲ਼ ਚਾਰਜ ਹੁੰਦੇ ਹਨ। ਇਹ ਬਿਲਕੁਲ ਸ਼ੋਰ ਅਤੇ ਪ੍ਰਦੂਸ਼ਣ ਰਹਿਤ ਹੁੰਦੇ ਹਨ।

**ਸੁਖਵਿੰਦਰ** — ਤੁਸੀ ਉੱਥੇ ਹੋਰ ਕੀ ਦੇਖਿਆ ? ਫ਼ਿਰ ਤੁਸੀਂ ਕਿੱਥੇ ਗਏ ?

**ਅਮਨ** — ਇਸ ਤੋਂ ਬਾਅਦ ਅਸੀਂ ਪੰਜਾਬ ਸਰਕਾਰ ਦੇ ਸੈਰ ਸਪਾਟਾ ਮਹਿਕਮੇ ਵਲੋਂ ਸੈਲਾਨੀਆਂ ਲਈ ਚਲਾਈ ਗਈ ਸਪੈਸ਼ਲ ਟੂਰਿਸਟ ਡਬਲ ਡੈੱਕਰ ਬੱਸ ਵਿੱਚ ਸਵਾਰ ਹੋ ਕੇ ਸ਼੍ਰੀ ਦੁਰਗਿਆਨਾ ਮੰਦਿਰ, ਕਿਲ੍ਹਾ ਗੋਬਿੰਦਗੜ੍ਹ ਅਤੇ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਦੇਖਣ ਲਈ ਗਏ। ਜਿਸ ਬੱਸ ਵਿੱਚ ਅਸੀਂ ਬੈਠੇ ਉਹ ਦੋ ਮੰਜ਼ਿਲਾ ਸੀ ਤੇ ਉਪਰਲੀ ਮੰਜ਼ਿਲ 'ਤੇ ਕੋਈ ਛੱਤ ਨਹੀਂ ਸੀ। ਇਸ ਵਿੱਚ ਬੈਠ ਕੇ ਅਸੀਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਸਿੱਧ ਬਜ਼ਾਰ ਵੀ ਦੇਖੇ।




**ਡਬਲ ਡੈੱਕਰ ਬੱਸ**

ਅਮਨ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਜੋ ਕੁਝ ਦੇਖਿਆ ਉਹ ਅੱਗੇ ਦਿੱਤੇ ਖਾਨੇ ਵਿੱਚ ਲਿਖੋ ਅਤੇ ਉੱਥੇ ਜਾਣ ਲਈ ਜਿਹੜੇ ਸਾਧਨਾਂ ਦੀ ਵਰਤੋਂ ਕੀਤੀ ਉਹ ਵੀ ਲਿਖੋ—

| ਦੇਖਿਆ ਗਿਆ ਸਥਾਨ | ਜਾਣ ਲਈ ਸਾਧਨ |
|---|---|
| | |
| | |
| | |
| | |

**ਕਿਰਿਆ 2** ਬੱਚਿਓ! ਤੁਸੀਂ ਵੀ ਛੁੱਟੀਆਂ ਵਿੱਚ ਜ਼ਰੂਰ ਨਾਨੀ, ਭੂਆ ਜਾਂ ਮਾਸੀ ਕੋਲ ਗਏ ਹੋਵੋਗੇ। ਉਥੇ ਤੁਸੀਂ ਕਿਹੜੀ-ਕਿਹੜੀ ਜਗ੍ਹਾ ਵੇਖੀ ਉਨ੍ਹਾਂ ਦੇ ਨਾਂ ਲਿਖੋ ਅਤੇ ਜਿਸ ਸਾਧਨ ਰਾਹੀਂ ਗਏ ਉਹ ਵੀ ਲਿਖੋ।

| ਜਗ੍ਹਾ | ਸਾਧਨ |
|---|---|
| | |
| | |
| | |
| | |

ਹੋ ਸਕਦਾ ਹੈ ਕੁੱਝ ਬੱਚਿਆਂ ਨੂੰ ਕਿਸੇ ਪ੍ਰਸਿੱਧ/ਮਹੱਤਵਪੂਰਨ ਸਥਾਨ ਉੱਤੇ ਜਾਣ ਦਾ ਮੌਕਾ ਨਾ ਮਿਲਿਆ ਹੋਵੇ। ਉਨ੍ਹਾਂ ਨੂੰ ਉਪਰੋਕਤ ਗਤੀਵਿਧੀ ਆਪਣੇ ਨੇੜੇ ਦੇ ਪਿੰਡ ਜਾਂ ਸ਼ਹਿਰ ਬਾਰੇ ਵੀ ਕਰਵਾਈ ਜਾ ਸਕਦੀ ਹੈ।

**ਸੁਖਵਿੰਦਰ**—ਫਿਰ ਤੁਸੀਂ ਕਿੱਥੇ ਗਏ ?

**ਅਮਨ**—ਇੱਥੋਂ ਅਸੀਂ ਉਸੇ ਬੱਸ ਵਿੱਚ ਬੈਠ ਕੇ ਅਟਾਰੀ ਬਾਰਡਰ ਦੇਖਣ ਗਏ। ਇੱਥੇ ਅਸੀਂ ਸ਼ਾਮ ਨੂੰ ਭਾਰਤ-ਪਾਕਿਸਤਾਨ ਸਰਹੱਦ 'ਤੇ ਝੰਡਾ ਉਤਾਰਨ ਦੀ ਰਸਮ ਵੇਖੀ। ਉੱਥੇ ਸਾਡੀ ਮੁਲਾਕਾਤ ਭਾਰਤੀ ਸੀਮਾ ਸੁਰੱਖਿਆ ਬਲ ਦੇ ਜਵਾਨ ਸ.ਗੁਰਪ੍ਰੀਤ ਸਿੰਘ ਨਾਲ ਹੋਈ। ਉਨ੍ਹਾਂ ਸਾਨੂੰ ਸੜਕ ਸੁਰੱਖਿਆ ਨਿਯਮਾਂ ਬਾਰੇ ਇੱਕ ਕਵਿਤਾ ਵੀ ਸੁਣਾਈ।

ਚੰਗਾ ਹੋਵੇ ਜੇਕਰ ਬੱਚਿਓ,
ਸੁਰੱਖਿਆ ਨਿਯਮ ਅਪਣਾਈਏ,

ਸੁਖੀ-ਸਾਂਦੀ ਘਰ ਤੋਂ ਚੱਲੀਏ,
ਸੁਖੀ-ਸਾਂਦੀ ਮੁੜ ਆਈਏ।
ਚੱਲਣ ਲਈ ਇੱਕ ਨਿਯਮ ਹੈ ਪੱਕਾ, ਖੱਬੇ ਹੱਥ ਹੀ ਜਾਈਏ,
ਕਰਤਬ ਕਦੇ ਨਾ ਸੜਕ ਤੇ ਕਰੀਏ,
ਨਾ ਹੀ ਖੇਡ ਖਿਡਾਈਏ।
ਤੇਜ਼ ਰਫ਼ਤਾਰੀ, ਬੜੀ ਹੈ ਮਾੜੀ,
ਇਸ ਤੋਂ ਬਚੀਏ ਅਤੇ ਬਚਾਈਏ,
ਬੱਤੀਆਂ, ਸਿਪਾਹੀ ਤੇ ਚਿੰਨ੍ਹਾਂ ਨੂੰ ਮੰਨ ਕੇ,
ਆਪਣਾ ਫਰਜ਼ ਨਿਭਾਈਏ।
ਬ੍ਰੇਕ, ਘੰਟੀ ’ਤੇ ਇੰਡੀਕੇਟਰ,
ਵਰਤੋਂ ਵਿੱਚ ਲਿਆਈਏ।
ਵਾਹਨ ਚਲਾਉਂਦੇ ਫ਼ੋਨ ਨਾ ਕਰੀਏ
ਨਾ ਉੱਚਾ ਸੰਗੀਤ ਵਜਾਈਏ।

**ਸੁਖਵਿੰਦਰ** — ਵਾਪਸ ਆ ਕੇ ਤੁਸੀਂ ਕੀ ਕੀਤਾ ?

**ਅਮਨ** — ਵਾਪਸ ਆ ਕੇ ਅਸੀਂ ਸਾਰਾਗੜ੍ਹੀ ਸਰ੍ਹਾਂ ਦੇ ਨੇੜੇ ਇੱਕ ਢਾਬੇ ਤੋਂ ਰੋਟੀ ਖਾਧੀ ਅਤੇ ਸਰਾਂ ਵਿੱਚ ਆ ਕੇ ਸੌਂ ਗਏ।

**ਸੁਖਵਿੰਦਰ** — ਤੁਸੀਂ ਵਾਪਸ ਮੁਹਾਲੀ ਕਿਵੇਂ ਆਏ ?

**ਅਮਨ** — ਅਗਲੇ ਦਿਨ ਸਵੇਰੇ ਅਸੀਂ ਸਰਾਂ ਤੋਂ ਸਟੇਸ਼ਨ ਤੱਕ ਵੈਨ ਕਿਰਾਏ ’ਤੇ ਲੈ ਲਈ। ਅਸੀਂ ਸਟੇਸ਼ਨ ਤੋਂ ਰੇਲਗੱਡੀ ਰਾਹੀਂ ਵਾਪਿਸ ਆ ਗਏ। ਸ੍ਰੀ ਅੰਮ੍ਰਿਤਸਰ ਸਾਹਿਬ ਦਾ ਟੂਰ ਬਹੁਤ ਹੀ ਵਧੀਆ ਅਤੇ ਜਾਣਕਾਰੀ ਭਰਪੂਰ ਸੀ।

**ਸੁਖਵਿੰਦਰ** — ਮੈਨੂੰ ਪੂਰੇ ਟੂਰ ਦਾ ਵੇਰਵਾ ਸੁਣ ਕੇ ਬਹੁਤ ਮਜ਼ਾ ਆਇਆ। ਇੰਝ ਲੱਗਿਆ ਮੈਂ ਵੀ ਸ਼੍ਰੀ ਅੰਮ੍ਰਿਤਸਰ ਸਾਹਿਬ ਜਾ ਆਇਆ ਹਾਂ।

**ਅਮਨ** — ਅੱਛਾ! ਹੁਣ ਮੈਂ ਚਲਦਾ ਹਾਂ, ਕੱਲ੍ਹ ਨੂੰ ਸਕੂਲ ਵਿੱਚ ਮਿਲਦੇ ਹਾਂ।



1. ਖ਼ਾਲੀ ਥਾਵਾਂ ਭਰੋ—

(ਰੇਲ ਗੱਡੀ, ਝੰਡਾ, ਸ਼ਹੀਦਾਂ, ਵ੍ਹੀਲ ਚੇਅਰ)

1. ਰੇਲਵੇ ਸਟੇਸ਼ਨ 'ਤੇ ਲੋੜਵੰਦਾਂ ਲਈ ........................ ਦਾ ਖ਼ਾਸ ਪ੍ਰਬੰਧ ਹੁੰਦਾ ਹੈ।
2. ਚੰਡੀਗੜ੍ਹ ਤੋਂ ਅੰਮ੍ਰਿਤਸਰ (ਵਾਇਆ ਮੋਹਾਲੀ) ਲਈ ........................ ਸਵੇਰੇ ਸੱਤ ਵਜੇ ਜਾਂਦੀ ਹੈ।
3. ਅਟਾਰੀ ਬਾਰਡਰ 'ਤੇ ਰੋਜ਼ ਸ਼ਾਮ ਨੂੰ ........................ ਉਤਾਰਨ ਦੀ ਰਸਮ ਹੁੰਦੀ ਹੈ।
4. ਜਲ੍ਹਿਆਂਵਾਲੇ ਬਾਗ ਦੀ ਯਾਦਗਾਰ ........................ ਦੀ ਯਾਦ ਵਿੱਚ ਬਣਾਈ ਗਈ ਹੈ।

ਪ੍ਰਸ਼ਨ 2. ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਸਿੱਧ ਸੈਲਾਨੀ ਕੇਂਦਰਾਂ ਦੇ ਨਾਮ ਲਿਖੋ।

..........................................................................................

..........................................................................................

ਪ੍ਰਸ਼ਨ 3. ਇਲੈਕਟ੍ਰਿਕ ਰਿਕਸ਼ੇ ਕੀ ਹੁੰਦੇ ਹਨ ? ਇਨ੍ਹਾਂ ਦਾ ਕੀ ਫ਼ਾਇਦਾ ਹੈ ?

..........................................................................................


..........................................................................................

ਪ੍ਰਸ਼ਨ 4. ਸ੍ਰੀ ਹਰਿਮੰਦਰ ਸਾਹਿਬ ਵੱਲ ਪੈਦਲ ਚਲਦੇ ਸਮੇਂ ਅਮਨ ਨੇ ਕੀ ਕੁੱਝ ਵੇਖਿਆ ?


..........................................................................................

..........................................................................................

ਪ੍ਰਸ਼ਨ 5. ਹੇਠਾਂ ਕੁੱਝ ਚਿੱਤਰ ਦਿੱਤੇ ਗਏ ਹਨ ਆਪਣੇ ਵੱਡਿਆਂ ਜਾਂ ਅਧਿਆਪਕ ਦੀ ਮਦਦ ਨਾਲ ਉਨ੍ਹਾਂ ਦਾ ਨਾਮ ਲਿਖੋ ਅਤੇ ਰੰਗ ਭਰੋ—









6. ਹੇਠ ਲਿਖੀਆਂ ਬੁਝਾਰਤਾਂ ਨੂੰ ਬੁੱਝੋ ਅਤੇ ਚਿੱਤਰ ਨਾਲ ਮਿਲਾਨ ਕਰੋ—



ਚਿੱਤਰ

ਛੁੱਕ-ਛੁੱਕ ਦਾ ਰਾਗ ਸੁਣਾਉਂਦੀ
ਮਟਕ-ਮਟਕ ਇਹ ਤੁਰਦੀ ਜਾਂਦੀ

............................



ਚਿੱਤਰ

ਉੱਚੇ ਅਸਮਾਨੀ ਉੱਡਦਾ ਜਾਵੇ
ਝੱਟ ਪਹੁੰਚਾਵੇ ਦੇਰ ਨਾ ਲਾਵੇ

............................





ਚਿੱਤਰ

ਇਹ ਹੈ ਸਭ ਤੋਂ ਵਧੀਆ ਸਵਾਰੀ
ਘੱਟ ਪ੍ਰਦੂਸ਼ਨ ਦੂਰ ਬਿਮਾਰੀ

............................

ਪ੍ਰਸ਼ਨ 7 ਦਿਮਾਗੀ ਕਸਰਤ—





ਪਾਠ-16

# ਪੰਖੁੜੀ ਦਾ ਸੰਦੇਸ਼


ਪੰਖੁੜੀ ਸਾਡੇ ਘਰ ਵਿੱਚ ਸਭ ਤੋਂ ਹੁਸ਼ਿਆਰ ਅਤੇ ਹੋਣਹਾਰ ਕੁੜੀ ਹੈ। ਬਚਪਨ ਤੋਂ ਹੀ ਉਸਨੂੰ ਪੜ੍ਹਨ ਦਾ ਬਹੁਤ ਸ਼ੌਂਕ ਹੈ। ਕਾਲਜ ਦੀ ਪੜ੍ਹਾਈ ਕਰਨ ਤੋਂ ਬਾਅਦ ਉਹ ਦਿੱਲੀ ਚਲੀ ਗਈ ਜਿੱਥੇ ਉਹ ਟੈਲੀਕਾਮ ਕੰਪਨੀ ਵਿੱਚ ਮੈਨੇਜਰ ਹੈ। ਉਹ ਆਪਣੇ ਦਾਦਾ ਜੀ ਨਾਲ਼ ਬਹੁਤ ਪਿਆਰ ਕਰਦੀ ਹੈ। ਦਿੱਲੀ ਰਹਿੰਦੀ ਹੋਈ ਵੀ ਉਹ ਸਾਡੇ ਸਾਰਿਆਂ ਨਾਲ਼ ਲਗਾਤਾਰ ਸੰਪਰਕ ਵਿੱਚ ਰਹਿੰਦੀ ਹੈ। ਸਾਨੂੰ ਉਸਦੇ ਸੰਦੇਸ਼ ਮਿਲਦੇ ਰਹਿੰਦੇ ਹਨ।

ਬੱਚਿਓ, ਸੋਚੋ ਕਿ ਪੰਖੁੜੀ ਆਪਣੇ ਸੰਦੇਸ਼ ਘਰ ਤੱਕ ਕਿਵੇਂ ਪਹੁੰਚਾਉਂਦੀ ਹੋਵੇਗੀ ?

ਸਾਡੇ ਦਾਦਾ ਜੀ ਦੱਸਦੇ ਹੁੰਦੇ ਸਨ ਕਿ ਪੁਰਾਣੇ ਸਮਿਆਂ ਵਿੱਚ ਇੱਕ ਥਾਂ ਤੋਂ ਦੂਜੇ ਥਾਂ ਤੇ ਸੰਦੇਸ਼ ਭੇਜਣ ਲਈ "ਦੂਤ" ਭੇਜੇ ਜਾਂਦੇ ਸਨ ਜੋ ਆਉਣ-ਜਾਣ ਲਈ ਘੋੜਿਆਂ ਦਾ ਪ੍ਰਯੋਗ ਕਰਦੇ ਸਨ। ਪੰਛੀਆਂ ਰਾਹੀਂ ਵੀ ਸੰਦੇਸ਼ ਭੇਜਣ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਦਾਦਾ ਜੀ ਦੱਸਦੇ ਹਨ ਕਿ ਉਸ ਸਮੇਂ ਸੰਦੇਸ਼ ਭੇਜਣ ਲਈ ਮਹੀਨੇ ਲੱਗ ਜਾਂਦੇ ਸਨ ਪਰ ਉਸ ਪਿੱਛੋਂ ਸੁਨੇਹੇ ਭੇਜਣ ਦੇ ਢੰਗ ਤਰੀਕਿਆਂ ਵਿੱਚ ਹੋਰ ਬਦਲਾਅ ਆਏ ਅਤੇ ਸੁਨੇਹੇ ਸਾਡੇ ਤੱਕ ਚਿੱਠੀਆਂ ਰਾਹੀਂ ਭੇਜੇ ਜਾਣ ਲਗ ਪਏ। ਅੱਜ ਵੀ ਡਾਕੀਏ ਚਿੱਠੀਆਂ, ਪਾਰਸਲ, ਮਨੀਆਰਡਰ ਆਦਿ ਪਹੁੰਚਾਉਂਦੇ ਹਨ।

**ਕਿਰਿਆ-1** ਬੱਚਿਓ! ਡਾਕੀਏ ਕੋਲ ਕਈ ਤਰ੍ਹਾਂ ਦੀਆਂ ਚਿੱਠੀਆਂ ਹੁੰਦੀਆਂ ਹਨ। ਅਧਿਆਪਕ ਦੀ ਮਦਦ ਨਾਲ ਚਿੱਤਰਾਂ ਵਿੱਚ ਚਿੱਠੀਆਂ ਦੇ ਨਾਮ ਖ਼ਾਲੀ ਥਾਂ ਵਿੱਚ ਭਰੋ ?






1. ..........................

2. ..........................






3. ........................... 4. ...........................

**ਸੰਚਾਰ ਤੋਂ ਭਾਵ ਹੈ ਕਿ ਸੰਦੇਸ਼ ਭੇਜਣਾ ਅਤੇ ਪ੍ਰਾਪਤ ਕਰਨਾ।** ਸੰਚਾਰ ਸਾਧਨਾਂ ਵਿੱਚ ਉੱਨਤੀ ਮਨੁੱਖ ਲਈ ਬਹੁਤ ਮਹੱਤਵਪੂਰਨ ਹੈ। ਇਹ ਸੰਸਾਰ ਦੇ ਇੱਕ ਦੇਸ਼ ਦੇ ਲੋਕਾਂ ਨੂੰ ਦੂਸਰੇ ਲੋਕਾਂ ਨਾਲ਼ ਜੋੜਦਾ ਹੈ। ਅੱਜ ਮਨੁੱਖ ਤਰੱਕੀ ਵੱਲ ਵੱਧ ਰਿਹਾ ਹੈ। ਇਸਦਾ ਮੁੱਖ ਸਿਹਰਾ ਸੰਚਾਰ ਦੇ ਆਧੁਨਿਕ ਸਾਧਨਾਂ ਨੂੰ ਜਾਂਦਾ ਹੈ।

**ਕਿਰਿਆ-2** ਹੇਠ ਦਰਸਾਏ ਗਏ ਸੰਚਾਰ ਸਾਧਨਾਂ ਨੂੰ ਪਹਿਚਾਣੋ ਅਤੇ ਚਿੱਤਰ ਸਾਹਮਣੇ ਉਸ ਦਾ ਨਾਮ ਲਿਖੋ—







1. ........................... 2. ........................... 3. ...........................

ਅਜਿਹੇ ਸਾਧਨ ਜਿਹੜੇ ਇੱਕੋ ਸਮੇਂ ਹੀ ਲੱਖਾਂ ਲੋਕਾਂ ਤੱਕ ਸੂਚਨਾ ਪਹੁੰਚਾ ਸਕਦੇ ਹਨ। ਇਨ੍ਹਾਂ ਨੂੰ **ਲੋਕਸੰਚਾਰ ਦੇ ਸਾਧਨ** ਆਖਿਆ ਜਾਂਦਾ ਹੈ ਜਿਵੇਂ ਰੇਡੀਓ, ਟੈਲੀਵਿਜ਼ਨ, ਅਖ਼ਬਾਰ, ਰਸਾਲੇ, ਉਪਗ੍ਰਹਿ ਆਦਿ।

ਪੰਖੁੜੀ ਦੁਆਰਾ ਸਾਡੇ ਕੋਲ ਸੰਦੇਸ਼ ਪਹੁੰਚਾਉਣ ਲਈ ਕਈ ਤਰੀਕੇ ਵਰਤੇ ਜਾਂਦੇ ਹਨ, ਕੀ ਤੁਸੀਂ ਬੁੱਝ ਸਕਦੇ ਹੋ ?

ਹੇਠਾਂ ਖ਼ਾਲੀ ਥਾਂ ਵਿੱਚ ਉਸ ਸਾਧਨ ਦਾ ਨਾਂ ਭਰੋ।

ਮੈਨੂੰ ..................... ਕਹਿੰਦੇ ਹਨ। ਮੇਰੇ ਰਾਹੀਂ ਦੁਨੀਆਂ ਦੇ ਕੋਨੇ ਕੋਨੇ ਵਿੱਚ ਸੁਨੇਹੇ ਤੁਰੰਤ ਹੀ ਪਹੁੰਚ ਜਾਂਦੇ ਹਨ। ਮੇਰੇ ਰਾਹੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਜਦੋਂ ਕਿ ਚਿੱਠੀ ਦੁਆਰਾ ਸੀਮਿਤ ਗੱਲਬਾਤ ਕੀਤੀ ਜਾਂਦੀ ਹੈ। ਹੁਣ ਮੇਰੀ ਵਰਤੋਂ ਵੀ ਘਟਦੀ ਜਾਂਦੀ ਹੈ।



ਮੈਨੂੰ ..................... ਕਹਿੰਦੇ ਹਨ, ਮੇਰੇ ਰਾਹੀਂ ਜਦੋਂ ਚਾਹੋ-ਜਿੱਥੇ ਚਾਹੋ ਗੱਲਬਾਤ ਕੀਤੀ ਜਾ ਸਕਦੀ ਹੈ। ਮੈਂ ਲਿਖਤੀ ਚਿੱਠੀ ਵੀ ਤੁਰੰਤ ਭੇਜ ਦਿੰਦਾ ਹਾਂ। ਚਿੱਠੀ ਲਿਖਣ ਲਈ ਕਿਸੇ ਕਾਗਜ਼ ਜਾਂ ਪੈੱਨ ਦੀ ਲੋੜ ਵੀ ਨਹੀਂ ਹੁੰਦੀ। ਲੋਕ ਅਕਸਰ ਮੈਨੂੰ ਆਪਣੀ ਜੇਬ ਵਿੱਚ ਰੱਖਦੇ ਹਨ।



ਮੈਨੂੰ..................... ਕਹਿੰਦੇ ਹਨ। ਮੇਰੇ ਰਾਹੀਂ ਲਿਖੇ ਹੋਏ ਪੱਤਰਾਂ ਦੀ ਨਕਲ ਦੂਸਰੇ ਪਾਸੇ ਤੁਰੰਤ ਪ੍ਰਾਪਤ ਕੀਤੀ ਜਾ ਸਕਦੀ ਹੈ।



ਮੈਂ ..................... ਹਾਂ। ਮੈਨੂੰ ਲਿਖਣ ਲਈ ਕਿਸੇ ਕਾਗਜ਼ ਜਾਂ ਪੈੱਨ ਦੀ ਲੋੜ ਨਹੀਂ ਹੁੰਦੀ। ਅੱਜ ਕੱਲ੍ਹ ਤੁਹਾਡੇ ਸਕੂਲਾਂ ਵਿੱਚ ਸੁਨੇਹੇ ਮੇਰੇ ਰਾਹੀਂ ਤੁਰੰਤ ਪਹੁੰਚ ਜਾਂਦੇ ਹਨ। ਮੇਰਾ ਪੂਰਾ ਨਾਮ ਇਲੈਕਟ੍ਰੋਨਿਕ ਮੇਲ ਹੈ ਜਿਸਨੂੰ ਈਮੇਲ ਵੀ ਕਿਹਾ ਜਾਂਦਾ ਹੈ। ਮੈਨੂੰ ਕੰਪਿਊਟਰ ਰਾਹੀਂ ਭੇਜਿਆ ਜਾਂਦਾ ਹੈ।




ਮੈ..................... ਹਾਂ। ਮੇਰੀ ਵਰਤੋਂ ਅੱਜ ਕੱਲ੍ਹ ਬੰਦ ਹੋ ਗਈ ਹੈ। ਪੁਰਾਣੇ ਸਮੇਂ ਵਿੱਚ ਮੈਨੂੰ ਜ਼ਰੂਰੀ ਖ਼ਬਰਾਂ ਜਲਦੀ ਪੰਹੁਚਾਉਣ ਲਈ ਵਰਤਿਆ ਜਾਂਦਾ ਸੀ। ਪਿੰਡਾਂ ਵਿੱਚ ਤਾਰ ਦੇ ਪ੍ਰਾਪਤ ਹੋਣ ਨੂੰ ਅਕਸਰ ਮਾੜੀ ਖ਼ਬਰ ਦਾ ਸੁਨੇਹਾ ਮੰਨਦੇ ਸਨ।



ਬੱਚਿਓ! ਮੋਬਾਇਲ ਫ਼ੋਨ ਰਾਹੀਂ ਦੁਨੀਆਂ ਦੇ ਕਿਸੇ ਵੀ ਭਾਗ ਵਿੱਚ ਰਹਿ ਰਹੇ ਵਿਅਕਤੀ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ। ਅੱਜਕੱਲ੍ਹ ਮੋਬਾਈਲ ਫ਼ੋਨ ਜ਼ਿਆਦਾ ਪ੍ਰਚੱਲਿਤ ਹੋ ਗਏ ਹਨ ਪਰ ਸਕੂਟਰ, ਮੋਟਰ ਸਾਇਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ 'ਤੇ ਗੱਲ ਕਰਨਾ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਸ ਕਾਰਨ ਕਈ ਦੁਰਘਟਨਾਵਾਂ ਵੀ ਹੋ ਸਕਦੀਆਂ ਹਨ। ਟੈਲੀਵਿਜ਼ਨ ਦਾ ਵੀ ਲੋਕਾਂ 'ਤੇ ਬਹੁਤ ਡੂੰਘਾ ਪ੍ਰਭਾਵ ਹੈ। ਪਰ ਬੱਚਿਓ ਰੋਜ਼ਾਨਾ ਲਗਾਤਾਰ ਟੀ.ਵੀ ਦੇਖਣ ਅਤੇ ਗੇਮਾਂ ਖੇਡਣ ਨਾਲ਼ ਸਾਡੀਆਂ ਅੱਖਾਂ ਵੀ ਖ਼ਰਾਬ ਹੋ ਸਕਦੀਆਂ ਹਨ ਅਤੇ ਇਸਦਾ ਸਾਡੀ ਮਾਨਸਿਕ ਸਿਹਤ ਉੱਪਰ ਵੀ ਮਾੜਾ ਅਸਰ ਪੈਂਦਾ ਹੈ।

ਪੰਖੁੜੀ ਨੇ ਦੱਸਿਆ ਸੀ ਕਿ ਸੰਚਾਰ ਦੇ ਇਨ੍ਹਾਂ ਤੇਜ਼ ਸਾਧਨਾਂ ਨੇ ਸਾਡੇ ਰਹਿਣ ਸਹਿਣ ਵਿੱਚ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ। ਅਸੀਂ ਪਲ ਭਰ ਵਿੱਚ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਰਹਿ ਰਹੇ ਕਿਸੇ ਵੀ ਵਿਅਕਤੀ ਨਾਲ਼ ਸੰਪਰਕ ਕਰ ਸਕਦੇ ਹਾਂ। ਸਾਨੂੰ ਦੇਸ਼ ਦੇ ਵਿਕਾਸ ਲਈ ਇਨ੍ਹਾਂ ਸਾਧਨਾਂ ਦੀ ਢੁੱਕਵੀਂ ਵਰਤੋਂ ਕਰਨੀ ਚਾਹੀਦੀ ਹੈ।



## ਯਾਦ ਰੱਖਣ ਯੋਗ ਗੱਲਾਂ

- ਪੁਰਾਣੇ ਸਮਿਆਂ ਵਿੱਚ ਇੱਕ ਸਥਾਨ ਤੋਂ ਦੂਜੇ ਸਥਾਨ 'ਤੇ ਸੰਦੇਸ਼ ਭੇਜਣ ਲਈ "ਦੂਤ" ਜਾਂਦੇ ਸਨ ਜੋ ਆਉਣ-ਜਾਣ ਲਈ ਘੋੜਿਆਂ ਦਾ ਪ੍ਰਯੋਗ ਕਰਦੇ ਸਨ।
- ਡਾਕੀਏ ਚਿੱਠੀਆਂ, ਪਾਰਸਲ, ਮਨੀਆਰਡਰ ਆਦਿ ਪਹੁੰਚਾਉਂਦੇ ਹਨ।
- ਸੰਚਾਰ ਤੋਂ ਭਾਵ ਹੈ ਸੰਦੇਸ਼ ਭੇਜਣਾ ਅਤੇ ਪ੍ਰਾਪਤ ਕਰਨਾ।
- ਅਜਿਹੇ ਸਾਧਨ ਜਿਹੜੇ ਇੱਕੋ ਸਮੇਂ ਹੀ ਲੱਖਾਂ ਲੋਕਾਂ ਤੱਕ ਪਹੁੰਚ ਸਕਦੇ ਹਨ। ਇਨ੍ਹਾਂ ਨੂੰ ਲੋਕਸੰਚਾਰ ਦੇ ਸਾਧਨ ਆਖਿਆ ਜਾਂਦਾ ਹੈ ਜਿਵੇਂ ਰੇਡੀਓ, ਟੈਲੀਵਿਜ਼ਨ, ਅਖ਼ਬਾਰ, ਰਸਾਲੇ, ਉਪਗ੍ਰਹਿ ਆਦਿ।
- ਟੈਲੀਗ੍ਰਾਮ ਦੀ ਵਰਤੋਂ ਅੱਜ ਕੱਲ੍ਹ ਬੰਦ ਹੋ ਗਈ ਹੈ।
- ਸਕੂਟਰ, ਮੋਟਰ ਸਾਈਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ 'ਤੇ ਗੱਲ ਕਰਨਾ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਸ ਕਾਰਨ ਕਈ ਦੁਰਘਟਨਾਵਾਂ ਵੀ ਹੋ ਸਕਦੀਆਂ ਹਨ।



1. **ਖ਼ਾਲੀ ਥਾਂਵਾਂ ਭਰੋ—**

**(ਫੈਕਸ, ਟੈਲੀਗ੍ਰਾਮ (ਤਾਰ), ਦੂਤ, ਖ਼ਤਰਨਾਕ)**

(ੳ) ਪੁਰਾਣੇ ਸਮਿਆਂ ਵਿੱਚ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਸੰਦੇਸ਼ ਭੇਜਣ ਲਈ ...................... ਭੇਜੇ ਜਾਂਦੇ ਸਨ।

(ਅ) ਪਿੰਡਾਂ ਵਿੱਚ ...................... ਦਾ ਪ੍ਰਾਪਤ ਹੋਣਾ ਮਾੜੀ ਖ਼ਬਰ ਦਾ ਸੁਨੇਹਾ ਮੰਨਿਆ ਜਾਂਦਾ ਸੀ।

(ੲ) ...................... ਰਾਹੀਂ ਲਿਖੇ ਹੋਏ ਪੱਤਰਾਂ ਦੀ ਨਕਲ ਦੂਸਰੇ ਪਾਸੇ ਤੁਰੰਤ ਪ੍ਰਾਪਤ ਕੀਤੀ ਜਾ ਸਕਦੀ ਹੈ।

(ਸ) ਸਕੂਟਰ, ਮੋਟਰ ਸਾਈਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ 'ਤੇ ਗੱਲ ਕਰਨਾ ...................... ਸਿੱਧ ਹੋ ਸਕਦਾ ਹੈ।

2. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।**

(ੳ) ਲੋਕ ਅਕਸਰ ਮੋਬਾਈਲ ਫ਼ੋਨ ਨੂੰ ਜੇਬ ਵਿੱਚ ਰੱਖਦੇ ਹਨ। ☐

(ਅ) ਉਪਗ੍ਰਹਿ ਇੱਕ ਸੰਚਾਰ ਸਾਧਨ ਨਹੀਂ ਹੈ। ☐

(ੲ) ਡਾਕੀਆ ਚਿੱਠੀਆਂ ਪਹੁੰਚਾਉਣ ਦਾ ਕੰਮ ਕਰਦਾ ਹੈ। ☐

3. **ਸੰਚਾਰ ਤੋਂ ਕੀ ਭਾਵ ਹੈ ?**

..........................................................................................


4. **ਲੋਕਸੰਚਾਰ ਸਾਧਨਾਂ ਦੀਆਂ ਕੁੱਝ ਉਦਾਹਰਨਾਂ ਦਿਉ।**


..........................................................................................

5. **ਈ-ਮੇਲ ਤੋਂ ਕੀ ਭਾਵ ਹੈ ? ਇਹ ਕਿਸ ਤਰ੍ਹਾਂ ਸੰਦੇਸ਼ ਦਾ ਸੰਚਾਰ ਕਰਦੀ ਹੈ ?**

..........................................................................................

## 6.    ਦਿਮਾਗੀ ਕਸਰਤ




*****

ਪਾਠ-17

# ਫੁੱਲਾਂ ਵਾਲੀ ਫ਼ਰਾਕ

ਸਤਵੀਰ ਅਤੇ ਮਨਦੀਪ ਦੋਵੇਂ ਸਕੇ ਭੈਣ-ਭਰਾ ਹਨ। ਅੱਜ ਰੱਖੜੀ ਦਾ ਤਿਉਹਾਰ ਹੋਣ ਕਰਕੇ ਸਤਵੀਰ ਅਤੇ ਮਨਦੀਪ ਨੂੰ ਉਨ੍ਹਾਂ ਦੀ ਦਾਦੀ ਨੇ ਸਵੇਰੇ ਹੀ ਨੁਹਾ ਦਿੱਤਾ ਅਤੇ ਨਵੇਂ ਕੱਪੜੇ ਪਹਿਨਾ ਦਿੱਤੇ। ਦੋਵੇਂ ਬਹੁਤ ਸੋਹਣੇ ਲੱਗ ਰਹੇ ਸਨ। ਸਤਵੀਰ ਨੇ ਮਨਦੀਪ ਦੇ ਗੁੱਟ ਉੱਤੇ ਰੱਖੜੀ ਬੰਨ੍ਹ ਦਿੱਤੀ ਤੇ ਲੱਡੂ ਖੁਆ ਕੇ ਮੂੰਹ ਮਿੱਠਾ ਕਰਵਾ ਦਿੱਤਾ।

"ਸਾਡਾ ਤੋਹਫ਼ਾ" ਮਨਦੀਪ ਨੇ ਸਭ ਵੱਲ ਵੇਖਦਿਆਂ ਕਿਹਾ। ਉਨ੍ਹਾਂ ਦੇ ਦਾਦਾ ਜੀ ਨੇ ਦੋਵਾਂ ਨੂੰ ਹੀ ਰੰਗ ਬਰੰਗੇ ਕਾਗਜ਼ ਵਿੱਚ ਲਪੇਟਿਆ ਇੱਕ-ਇੱਕ ਡੱਬਾ ਦੇ ਦਿੱਤਾ। ਮਨਦੀਪ ਨੇ ਸਤਵੀਰ ਤੋਂ ਪਹਿਲਾਂ ਹੀ ਆਪਣਾ ਡੱਬਾ ਖੋਲ੍ਹ ਲਿਆ। ਉਸ ਵਿੱਚੋਂ ਇੱਕ ਕੱਪੜਾ ਨਿਕਲਿਆ।

"ਦਾਦਾ ਜੀ, ਇਸਦਾ ਮੈਂ ਕੀ ਕਰਾਂ ?" ਮਨਦੀਪ ਨੇ ਪੁੱਛਿਆ।



"ਬੇਟਾ, ਇਹ ਤੁਹਾਡੇ ਬੰਨ੍ਹਣ ਲਈ ਪੱਗ ਹੈ" ਦਾਦਾ ਜੀ ਨੇ ਜਵਾਬ ਦਿੱਤਾ।

ਉਨ੍ਹਾਂ ਦੇ ਪਾਪਾ ਨੂੰ ਕੁਝ ਨਵਾਂ ਸੁੱਝਿਆ। ਉਨ੍ਹਾਂ ਨੇ ਦੋਵਾਂ ਬੱਚਿਆਂ ਨੂੰ ਆਪਣੇ ਕੋਲ ਬੁਲਾਇਆ ਅਤੇ ਇਸ ਅਣਸੀਤੇ ਕੱਪੜੇ ਨੂੰ ਕਈ ਤਰ੍ਹਾਂ ਨਾਲ਼ ਪਹਿਨਣਾ ਸਿਖਾਇਆ।

ਤਸਵੀਰਾਂ ਪਹਿਚਾਣੋ ਅਤੇ ਲਿਖੋ ਕਿ ਇਸ ਕੱਪੜੇ ਨੂੰ ਕਿਵੇਂ-ਕਿਵੇਂ ਪਹਿਨਿਆ ਹੈ ?







1. ..........................

2. ..........................

3. ..........................

ਅਣਸੀਤਾ ਕੱਪੜਾ ਪਹਿਨਣ ਦੇ ਵੱਖ-ਵੱਖ ਤਰੀਕੇ

ਹੇਠਾਂ ਦਿੱਤੇ ਚਿੱਤਰ ਵਿੱਚ ਅਣਸੀਤੇ ਕੱਪੜਿਆਂ ਨੂੰ ਵੱਖ-ਵੱਖ ਢੰਗ ਨਾਲ਼ ਲੱਕ ਦੁਆਲੇ ਬੰਨ੍ਹਿਆ ਗਿਆ ਹੈ। ਅਧਿਆਪਕ ਦੀ ਮਦਦ ਨਾਲ਼ ਪਹਿਚਾਣੋ ਕਿ ਇਸ ਤਰੀਕੇ ਨਾਲ਼ ਬੰਨ੍ਹੇ ਗਏ ਕੱਪੜੇ ਨੂੰ ਕੀ ਕਹਿੰਦੇ ਹਨ।

**ਚਿੱਤਰ ਨੂੰ ਦੇਖ ਕੇ ਪਹਿਚਾਣੋ ਅਤੇ ਖਾਲੀ ਸਥਾਨ ਵਿੱਚ ਸਹੀ ਉੱਤਰ ਲਿਖੋ**





1. ..........................

2. ..........................

ਸਤਵੀਰ ਨੇ ਵੀ ਆਪਣਾ ਡੱਬਾ ਖੋਲ੍ਹ ਲਿਆ। ਉਸ ਵਿੱਚੋਂ ਫ਼ਰਾਕ ਨਿੱਕਲੀ। ਫ਼ਰਾਕ ਉੱਪਰ ਫੁੱਲਾਂ ਵਾਲਾ ਬੜਾ ਸੋਹਣਾ ਨਮੂਨਾ ਸੀ। ਮਨਦੀਪ ਬੜਾ ਹੈਰਾਨ ਸੀ। ਉਸਨੇ ਆਪਣੇ ਪਾਪਾ ਨੂੰ ਪੁੱਛਿਆ, "ਪਾਪਾ ਫ਼ਰਾਕ ਉੱਪਰ ਫੁੱਲ ਕਿਸਨੇ ਬਣਾਏ ਹਨ ?"

ਪਿਤਾ ਜੀ ਨੇ ਦੱਸਿਆ ਕਿ ਕੱਪੜੇ ਉੱਪਰ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਕਾਰਖਾਨਿਆਂ (ਕੱਪੜਿਆਂ ਦੀਆਂ ਮਿੱਲ੍ਹਾਂ) ਵਿੱਚ ਵੱਡੀਆਂ-ਵੱਡੀਆਂ ਮਸ਼ੀਨਾਂ ਦੀ ਮਦਦ ਲਈ


ਜਾਂਦੀ ਹੈ। ਕੁਝ ਲੋਕ ਘਰਾਂ ਵਿੱਚ ਵੀ ਨਮੂਨੇ ਬਣਾਉਣ ਦਾ ਕੰਮ ਕਰਦੇ ਹਨ। ਨਮੂਨੇ ਬਣਾਉਣ ਲਈ ਲੱਕੜ ਦੇ ਠੱਪੇ ਵਰਤੇ ਜਾਂਦੇ ਹਨ। ਕਾਰੀਗਰ ਇੱਕ ਰੰਗ ਵਿੱਚ ਦੂਜਾ ਰੰਗ ਮਿਲਾ ਕੇ ਨਵਾਂ ਰੰਗ ਤਿਆਰ ਕਰਦੇ ਹਨ। ਅਜਿਹੇ ਰੰਗ ਕਰਨ ਜਾਂ ਨਮੂਨੇ ਬਣਾਉਣ ਵਾਲਿਆਂ ਨੂੰ **ਲਲਾਰੀ** ਜਾਂ ਕੱਪੜਾ ਠੇਪਣ ਵਾਲੇ ਵੀ ਕਿਹਾ ਜਾਂਦਾ ਹੈ।




ਡਿਜ਼ਾਇਨ ਤਿਆਰ ਕਰਨ ਲਈ ਵਰਤੇ ਜਾਂਦੇ ਲੱਕੜੀ ਦੇ ਠੱਪੇ

ਮਨਦੀਪ ਦੇ ਪਿਤਾ ਜੀ ਉਨ੍ਹਾਂ ਨੂੰ ਨੇੜੇ ਰਹਿੰਦੇ ਇੱਕ ਲਲਾਰੀ ਦੇ ਘਰ ਲੈ ਗਏ। ਲਲਾਰੀ ਚੁੰਨੀਆਂ ਅਤੇ ਸੂਟਾਂ ਨੂੰ ਰੰਗ ਬਿਰੰਗੇ ਪਾਣੀ ਦੇ ਘੋਲਾਂ ਵਿਚੋਂ ਕੱਢ ਰਿਹਾ ਸੀ। ਬੱਚਿਆਂ ਦਾ ਮਨ ਰੰਗਾਂ ਦੀ ਨਵੀਂ ਦੁਨੀਆਂ ਵੇਖ ਕੇ ਖ਼ੁਸ਼ ਹੋ ਗਿਆ।

**ਕਿਰਿਆ-1** ਕਾਗਜ਼ 'ਤੇ ਅਲੱਗ-ਅਲੱਗ ਰੰਗਾਂ ਦੀਆਂ ਬੂੰਦਾਂ ਲਗਾ ਕੇ ਉਸਨੂੰ ਤਹਿ ਕੀਤਾ ਜਾਵੇ ਤਾਂ ਤਹਿ ਖੋਲ੍ਹਣ 'ਤੇ ਕਈ ਤਰ੍ਹਾਂ ਦੇ ਰੰਗ ਬਿਰੰਗੇ ਨਮੂਨੇ ਪ੍ਰਾਪਤ ਹੁੰਦੇ ਹਨ। ਹੇਠਾਂ ਦਿੱਤੀ ਤਸਵੀਰ ਵੇਖ ਕੇ ਤੁਸੀਂ ਆਪ ਇਸ ਤਰ੍ਹਾਂ ਦੇ ਨਮੂਨੇ ਤਿਆਰ ਕਰੋ।



**ਕਿਰਿਆ-2** ਦਿੱਤੇ ਹੋਏ ਚਿੱਤਰ ਵਿੱਚ ਪਹਿਲੇ ਦੋਵੇਂ ਤਾਰਿਆਂ ਵਿੱਚ ਮਨਪਸੰਦ ਰੰਗ ਭਰੋ, ਫਿਰ ਤੀਸਰੇ ਤਾਰੇ ਵਿੱਚ ਦੋਵੇਂ ਰੰਗ ਮਿਲਾ ਕੇ ਨਵਾਂ ਰੰਗ ਤਿਆਰ ਕਰਕੇ ਭਰੋ।




**1. ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਓ—**

(ੳ) ਪੱਗ ਸਰੀਰ ਦੇ ਕਿਹੜੇ ਹਿੱਸੇ ਤੇ ਪਹਿਨੀ ਜਾਂਦੀ ਹੈ ?

ਸਿਰ ☐ ਹੱਥ ☐

ਗਰਦਨ ☐ ਮੋਢਾ ☐

(ਅ) ਫ਼ਰਾਕ ਕੌਣ ਪਹਿਨਦਾ ਹੈ ?

ਮਰਦ ☐ ਔਰਤ ☐

ਲੜਕਾ ☐ ਲੜਕੀ ☐

(ੲ) ਭਰਾ ਦੇ ਰੱਖੜੀ ਕੌਣ ਬੰਨ੍ਹਦਾ ਹੈ ?

ਮੰਮੀ ☐ ਭੂਆ ☐

ਭੈਣ ☐ ਚਾਚੀ ☐

(ਸ) ਪਿਆਰ ਨਾਲ ਦਿੱਤੀ ਭੇਟ ਨੂੰ ਕੀ ਆਖਦੇ ਹਨ ?

ਤੋਹਫ਼ਾ ☐ ਇਨਾਮ ☐

ਚੀਜ਼ ☐ ਉਧਾਰ ☐

ਲਲਾਰੀ ਨੇ ਕਈ ਚੁੰਨੀਆਂ ਨੂੰ ਥਾਂ-ਥਾਂ ਤੇ ਗੰਢਾਂ ਮਾਰੀਆਂ ਹੋਈਆਂ ਸਨ। ਅਲੱਗ-ਅਲੱਗ ਰੰਗਾਂ ਨੂੰ ਮਿਲਾ ਕੇ ਤਿਆਰ ਕੀਤੇ ਰੰਗਾਂ ਨਾਲ਼ ਚੁੰਨੀਆਂ ਨੂੰ ਰੰਗਿਆ। ਰੰਗਣ ਤੋਂ ਬਾਅਦ ਉਹ ਚੁੰਨੀਆਂ ਨੂੰ ਨਮਕ ਵਾਲੇ ਪਾਣੀ ਵਿੱਚ ਡੋਬ ਦਿੰਦਾ। ਉਸਨੇ ਦੱਸਿਆ ਕਿ ਇਸ ਤਰ੍ਹਾਂ ਕਰਨ ਨਾਲ਼ ਰੰਗ ਪੱਕੇ ਹੋ ਜਾਂਦੇ ਹਨ। ਸਿੱਧੀ ਧੁੱਪ ਵਿੱਚ ਸੁਕਾਉਣ ਨਾਲ਼ ਕੱਪੜਿਆਂ ਦਾ ਰੰਗ ਉੱਡ ਜਾਂਦਾ ਹੈ। ਮਨਦੀਪ ਨੇ ਲਲਾਰੀ ਨੂੰ ਚੁੰਨੀ ਦੀਆਂ ਗੰਢਾਂ ਖੋਲ੍ਹਣ ਲਈ ਕਿਹਾ। ਗੰਢਾਂ ਅਤੇ ਤਹਿਆਂ ਖੋਲ੍ਹਣ ਨਾਲ਼ ਚੁੰਨੀਆਂ ਉੱਪਰ ਰੰਗ ਬਰੰਗੇ ਸੋਹਣੇ-ਸੋਹਣੇ ਨਮੂਨੇ ਤਿਆਰ ਹੋ ਗਏ। ਲਲਾਰੀ ਨੇ ਬੱਚਿਆਂ ਨੂੰ ਕੱਪੜਿਆਂ ਉੱਤੇ ਨਮੂਨੇ ਬਣਾਉਣ ਲਈ ਵਰਤੇ ਜਾਂਦੇ ਲੱਕੜ ਦੇ ਠੱਪੇ ਵੀ ਵਿਖਾਏ।






ਬੱਚਿਆਂ ਨੂੰ ਲਲਾਰੀ ਦੇ ਘਰ ਬਹੁਤ ਕੁੱਝ ਨਵਾਂ ਸਿੱਖਣ ਨੂੰ ਮਿਲਿਆ। ਘਰ ਵਾਪਸ ਆ ਕੇ ਮਨਦੀਪ ਜ਼ਿਦ ਕਰਨ ਲੱਗਾ," ਮੈਂ ਵੀ ਲੱਕੜ ਦੇ ਠੱਪੇ ਨਾਲ਼ ਨਮੂਨੇ ਬਣਾਉਣੇ ਹਨ।"

ਉਸਦੀ ਮੰਮੀ ਨੇ ਕਿਹਾ, "ਬੇਟਾ! ਆਪਣੇ ਘਰ ਲੱਕੜ ਦੇ ਠੱਪੇ ਨਹੀਂ ਹਨ।"

ਮਨਦੀਪ ਦੀ ਦਾਦੀ ਨੇ ਉਸਨੂੰ ਵੱਖ-ਵੱਖ ਸਬਜ਼ੀਆਂ ਜਿਵੇਂ ਆਲੂ ਅਤੇ ਭਿੰਡੀ ਕੱਟ ਕੇ ਠੱਪੇ ਬਣਾ ਕੇ ਦਿੱਤੇ। ਇਨ੍ਹਾਂ ਠੱਪਿਆਂ ਨਾਲ਼ ਬੱਚਿਆਂ ਨੇ ਸਾਫ਼ ਕਾਗਜ਼ 'ਤੇ ਚਿੱਤਰ ਤਿਆਰ ਕੀਤਾ।



ਆਲੂ ਦੇ ਠੱਪੇ ਨਾਲ਼ ਤਿਆਰ ਕੀਤਾ ਗਿਆ ਨਮੂਨਾ



ਭਿੰਡੀ ਦੇ ਠੱਪੇ ਨਾਲ਼ ਤਿਆਰ ਕੀਤਾ ਗਿਆ ਨਮੂਨਾ

**ਕਿਰਿਆ-3 :** ਤੁਸੀਂ ਵੀ ਅਜਿਹਾ ਕਰ ਸਕਦੇ ਹੋ।



1. ਆਪਣੇ ਮਨਪਸੰਦ ਰੰਗ ਲਵੋ ਅਤੇ ਅਲੱਗ-ਅਲੱਗ ਰੰਗਾਂ ਨੂੰ ਮਿਲਾ ਕੇ ਨਵੇਂ ਰੰਗ ਤਿਆਰ ਕਰੋ।
2. ਆਲੂ ਨੂੰ ਚਿੱਤਰ ਵਿੱਚ ਦੱਸੇ ਅਨੁਸਾਰ ਕੱਟ ਲਵੋ। ਤੁਸੀਂ ਆਪਣੀ ਮਰਜ਼ੀ ਦਾ ਡਿਜ਼ਾਇਨ ਵੀ ਬਣਾ ਸਕਦੇ ਹੋ।
3. ਸਾਫ਼ ਕੱਪੜੇ ਉੱਪਰ ਆਲੂ ਦੇ ਠੱਪੇ ਅਤੇ ਰੰਗ ਦੀ ਮਦਦ ਨਾਲ਼ ਚਿੱਤਰ ਬਣਾਓ।
4. ਇਸੇ ਤਰ੍ਹਾਂ ਭਿੰਡੀ, ਸ਼ਿਮਲਾ ਮਿਰਚ ਅਤੇ ਪਿਆਜ਼ ਦੀ ਮਦਦ ਵੀ ਲਈ ਜਾ ਸਕਦੀ ਹੈ।

ਮਨਦੀਪ ਦੁਆਰਾ ਬਣਾਏ ਚਿੱਤਰ ਉੱਪਰ ਅਚਾਨਕ ਸਤਵੀਰ ਤੋਂ ਪਾਣੀ ਡੁੱਲ ਗਿਆ। ਕੁਝ ਥਾਂਵਾਂ ਤੋਂ ਰੰਗ ਉੱਤਰ ਗਿਆ। ਮਨਦੀਪ ਰੋਣ ਲੱਗ ਪਿਆ। ਉਸਦੀ ਦਾਦੀ ਨੇ ਚੁੱਪ ਕਰਾਉਂਦੇ ਹੋਏ ਮਨਦੀਪ ਨੂੰ ਦੱਸਿਆ ਕਿ ਕੁਝ ਰੰਗ ਕੱਚੇ ਹੋਣ ਕਰਕੇ ਉੱਤਰ ਜਾਂਦੇ ਹਨ। ਰੰਗ ਉੱਤਰ ਜਾਣ ਤੋਂ ਬਾਅਦ ਕੱਪੜੇ ਵੀ ਭੱਦੇ ਦਿਸਣ ਲੱਗ ਜਾਂਦੇ ਹਨ। ਪ੍ਰੰਤੂ ਪੱਕੇ ਰੰਗ ਖ਼ਰਾਬ ਨਹੀਂ ਹੁੰਦੇ। ਨਾਲ਼ ਹੀ ਦਾਦੀ ਮਾਂ ਨੇ ਗੱਲ ਜੋੜਦਿਆਂ ਕਿਹਾ ਕਿ ਕੱਪੜਿਆਂ ਨੂੰ ਲੰਬੇ ਸਮੇਂ ਤੱਕ ਸੁੰਦਰ ਅਤੇ ਟਿਕਾਊ ਰੱਖਣ ਲਈ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਵੀ ਬੜੀ ਜ਼ਰੂਰੀ ਹੈ। ਮੈਲੇ ਕੱਪੜਿਆਂ ਨੂੰ ਧੋ ਕੇ, ਧੁੱਪ ਵਿੱਚ ਸੁਕਾ ਕੇ, ਪ੍ਰੈੱਸ ਕਰਕੇ, ਤਹਿ ਲਗਾ ਕੇ, ਟਰੰਕਾਂ ਜਾਂ ਅਲਮਾਰੀਆਂ ਵਿੱਚ ਰੱਖਣਾ ਚਾਹੀਦਾ ਹੈ। ਇਨ੍ਹਾਂ ਨੂੰ ਕੀੜਿਆਂ ਅਤੇ ਟਿੱਡੀਆਂ ਤੋਂ ਬਚਾਉਣ ਲਈ ਟਰੰਕਾਂ ਅਤੇ ਅਲਮਾਰੀਆਂ ਵਿੱਚ ਨਿੰਮ ਦੇ ਪੱਤਿਆਂ ਨੂੰ ਸੁਕਾ ਕੇ ਜਾਂ ਕੱਪੜੇ ਵਿੱਚ ਫਿਨਾਈਲ ਦੀਆਂ ਗੋਲੀਆਂ ਬੰਨ੍ਹ ਕੇ ਰੱਖਿਆ ਜਾਂਦਾ ਹੈ। ਬੱਚਿਆਂ ਨੂੰ ਇੰਝ ਜਾਪਿਆ ਜਿਵੇਂ ਖੇਡ-ਖੇਡ ਵਿੱਚ ਉਹ ਇੱਕ ਨਵੀਂ ਦੁਨੀਆਂ ਘੁੰਮ ਆਏ ਹੋਣ।



## ਯਾਦ ਰੱਖਣ ਯੋਗ ਗੱਲਾਂ

- ਕੱਪੜਿਆਂ ਉੱਪਰ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਲੱਕੜ ਦੇ ਠੱਪੇ ਵਰਤੇ ਜਾਂਦੇ ਹਨ।
- ਵਰਤਮਾਨ ਸਮੇਂ ਵਿੱਚ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਮਸ਼ੀਨਾਂ ਦੀ ਵਰਤੋਂ ਹੋਣ ਲੱਗੀ ਹੈ।
- ਲਲਾਰੀ ਕੱਪੜੇ ਰੰਗਦਾ ਹੈ।

2. **ਮਿਲਾਣ ਕਰੋ—**



| ੳ | ਅ |
|---|---|
| ਰੱਖੜੀ | ਲਾਲ |
| ਪੱਗ | ਔਰਤ |
| ਸਾੜ੍ਹੀ | ਕੱਪੜਾ ਰੰਗਣਾ |
| ਲਲਾਰੀ | ਮਠਿਆਈ |
| ਲੱਡੂ | ਗੁੱਟ |
| ਰੰਗ | ਸਿਰ |

3. **ਖ਼ਾਲੀ ਸਥਾਨ ਭਰੋ—**

**(ਨਿੰਮ, ਭੱਦੇ, ਲਲਾਰੀ, ਰੱਖੜੀ, ਨਮੂਨੇ)**

(ੳ) ਭੈਣ ਆਪਣੇ ਭਰਾ ਦੇ ਗੁੱਟ 'ਤੇ ...................... ਬੰਨ੍ਹਦੀ ਹੈ।

(ਅ) ...................... ਕੱਪੜਾ ਰੰਗਦਾ ਹੈ।

(ੲ) ਕੱਪੜੇ ਨੂੰ ਸੁੰਦਰ ਬਣਾਉਣ ਲਈ ਉਸ ਉੱਪਰ ...................... ਬਣਾਏ ਜਾਂਦੇ ਹਨ।

(ਸ) ਰੰਗ ਉੱਤਰ ਜਾਣ ਤੋਂ ਬਾਅਦ ਕੱਪੜੇ ...................... ਦਿਖਾਈ ਦਿੰਦੇ ਹਨ।

(ਹ) ...................... ਦੇ ਪੱਤੇ ਸੁਕਾ ਕੇ ਟਰੰਕਾਂ ਵਿੱਚ ਰੱਖੇ ਜਾਂਦੇ ਹਨ।

4. **ਕੱਪੜੇ ਰੰਗਣ ਤੋਂ ਬਾਅਦ ਕਿਹੋ ਜਿਹੇ ਦਿਸਦੇ ਹਨ ?**

..........................................................................................

5. **ਰੰਗ ਉੱਤਰ ਜਾਣ ਤੋਂ ਬਾਅਦ ਕੱਪੜੇ ਕਿਹੋ ਜਿਹੇ ਦਿਸਦੇ ਹਨ ?**

..........................................................................................

6. **ਠੱਪਾ ਕਿਸ ਚੀਜ਼ ਦਾ ਬਣਿਆ ਹੁੰਦਾ ਹੈ ?**

..........................................................................................

*****



ਪਾਠ-18

# ਮਿੱਟੀ ਦੇ ਖਿਡੌਣੇ

ਐਤਵਾਰ ਦਾ ਦਿਨ ਸੀ। ਪ੍ਰਵੀਨ ਨੂੰ ਅੱਜ ਸਕੂਲ ਤੋਂ ਛੁੱਟੀ ਸੀ। "ਸਾਰਾ ਦਿਨ ਟੀ.ਵੀ. 'ਤੇ ਕਾਰਟੂਨ ਵੇਖ-ਵੇਖ ਕੇ ਤੇਰੀਆਂ ਅੱਖਾਂ ਖ਼ਰਾਬ ਹੋ ਜਾਣਗੀਆਂ" ਸਵੇਰ ਤੋਂ ਲਗਾਤਾਰ ਟੀ.ਵੀ ਦੇਖਦੀ ਪ੍ਰਵੀਨ ਨੂੰ ਉਸਦੀ ਦਾਦੀ ਮਾਂ ਨੇ ਟੋਕਦਿਆਂ ਬਾਹਰੋਂ ਉੱਚੀ ਆਵਾਜ਼ ਵਿੱਚ ਕਿਹਾ।

"ਤੇ ਫੇਰ ਮੈਂ ਵਿਹਲੀ ਬੈਠੀ ਕੀ ਕਰਾਂ ? ਮਨ ਲਾਉਣ ਲਈ ਵੀ ਤਾਂ ਕੁਝ ਨਾ ਕੁਝ ਕਰਨਾ ਹੀ ਪੈਂਦਾ ਹੈ, ਦਾਦੀ ਮਾਂ।"

ਦਾਦੀ ਮਾਂ ਬੋਲੀ, "ਅੱਜ ਕੱਲ੍ਹ ਦੇ ਨਿਆਣੇ ਤਾਂ ਸਾਰਾ ਦਿਨ ਟੀ.ਵੀ, ਕੰਪਿਊਟਰ ਅਤੇ ਮੋਬਾਇਲ ਫ਼ੋਨ ਨਾਲ਼ ਹੀ ਜੁੜੇ ਰਹਿੰਦੇ ਨੇ। ਕੋਟਲਾ ਛਪਾਕੀ, ਬਾਂਦਰ ਕਿੱਲਾ ਤੇ ਪਿੱਠੂ ਗਰਮ ਵਰਗੀਆਂ ਖੇਡਾਂ ਦਾ ਤਾਂ ਇਨ੍ਹਾਂ ਨੂੰ ਪਤਾ ਵੀ ਨਹੀਂ। ਸਾਡੇ ਵੇਲੇ ਕਿੱਥੇ ਹੋਇਆ ਕਰਦੇ ਸਨ ਟੀ.ਵੀ ਤੇ ਕੰਪਿਊਟਰ। ਅਸੀਂ ਤਾਂ ਮਿੱਟੀ ਦੇ ਖਿਡੌਣਿਆਂ ਨਾਲ ਖੇਡਦੇ ਜਵਾਨ ਹੋ ਗਏ।"

"ਹੈਂ! ਮਿੱਟੀ ਦੇ ਖਿਡੌਣੇ। ਮਿੱਟੀ ਨਾਲ਼ ਖੇਡ ਕੇ ਤਾਂ ਕੱਪੜੇ ਗੰਦੇ ਹੋ ਜਾਂਦੇ ਆ।" ਬਾਹਰ ਆਉਂਦੀ ਹੋਈ ਪ੍ਰਵੀਨ ਬੋਲੀ।

"ਨਹੀਂ ਪੁੱਤ! ਮਿੱਟੀ ਨਾਲ਼ ਜੁੜੇ ਰਹਿਣ ਅਤੇ ਖੇਡਣ ਨਾਲ ਸਾਡਾ ਮਨ ਪ੍ਰਸੰਨ ਰਹਿੰਦਾ ਹੈ।

ਅਸੀ ਨਿੱਕੇ ਹੁੰਦੇ ਚੀਕਣੀ ਮਿੱਟੀ ਵਿੱਚ ਪਾਣੀ ਪਾ ਕੇ ਗੁੰਨ ਕੇ ਉਸ ਤੋਂ ਸੋਹਣੇ ਸੋਹਣੇ ਖਿਡੌਣੇ ਜਿਵੇਂ ਦੀਵੇ, ਚੁੱਲ੍ਹੇ ਅਤੇ ਭਾਂਡੇ ਬਣਾ ਕੇ ਖੇਡਦੇ ਸਾਂ।"

"ਕਿਉਂ ਦਾਦੀ ਮਾਂ! ਤੁਹਾਡੇ ਵੇਲੇ ਭਾਂਡੇ ਨਹੀਂ ਸਨ ਹੁੰਦੇ ?"

"ਨਹੀਂ ਪੁੱਤ! ਸਾਡੇ ਸਮੇਂ ਵਿੱਚ ਅੱਜ ਵਾਂਗ ਸਟੀਲ ਅਤੇ ਐਲੂਮੀਨੀਅਮ ਦੇ ਬਰਤਨ ਨਹੀਂ ਸਨ ਹੁੰਦੇ। ਮਿੱਟੀ ਦੇ ਬਣੇ ਬਰਤਨ ਹੀ ਵਰਤੇ ਜਾਂਦੇ ਸਨ। ਕੁੱਜੇ, ਚਾਟੀਆਂ, ਕਾੜ੍ਹਨੀਆਂ, ਭੜੋਲੀਆਂ ਹੀ ਹੁੰਦੀਆਂ ਸਨ।"

"ਦਾਦੀ ਮਾਂ! ਮੈਂ ਵੀ ਮਿੱਟੀ ਦੇ ਖਿਡੌਣੇ ਬਣਾਉਣੇ ਸਿੱਖਣੇ ਹਨ।

ਦਾਦੀ ਮਾਂ ਨੇ ਪ੍ਰਵੀਨ ਨੂੰ ਨਾਲ਼ ਲਿਆ ਅਤੇ ਖੇਤ ਵਿੱਚੋਂ ਚੀਕਣੀ ਮਿੱਟੀ ਪੁੱਟ ਕੇ ਥੈਲੇ ਵਿੱਚ ਪਾ ਕੇ ਘਰ ਲੈ ਆਏ।

1. **ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਉ।**

(ੳ) ਬਹੁਤ ਜ਼ਿਆਦਾ ਟੀ.ਵੀ. ਦੇਖਣ ਨਾਲ ਖਰਾਬ ਹੋ ਜਾਂਦੀਆਂ ਹਨ :

ਕੰਨ ☐ ਨੱਕ ☐

ਅੱਖਾਂ ☐ ਦਿਮਾਗ ☐

(ਅ) ਪੁਰਾਣੇ ਸਮੇਂ ਵਿੱਚ ਅਨਾਜ ਸਟੋਰ ਕਰਨ ਲਈ ਵਰਤੇ ਜਾਂਦੇ ਸਨ :

ਡਰੰਮ ☐ ਸੰਦੂਕ ☐ ਪਤੀਲੇ ☐ ਭੜੋਲੀਆਂ ☐

(ੲ) ਖਿਡੌਣੇ ਬਣਾਉਣ ਲਈ ਕਿਸ ਕਿਸਮ ਦੀ ਮਿੱਟੀ ਵਰਤੀ ਜਾਂਦੀ ਹੈ ?


ਲਾਲ ☐ ਕਾਲੀ ☐ ਰੇਤਲੀ ☐ ਚੀਕਣੀ ☐

(ਸ) ਦੀਵਾਲੀ ਦੀ ਰਾਤ ਕਿਸ ਪਦਾਰਥ ਦੇ ਬਣੇ ਦੀਵੇ ਬਾਲਦੇ ਹਾਂ ?

ਸਟੀਲ ☐ ਕੱਚ ☐ ਪਿੱਤਲ ☐ ਮਿੱਟੀ ☐

**ਕਿਰਿਆ-1** ਵਿਦਿਆਰਥੀਆਂ ਨੂੰ ਮਿੱਟੀ ਦੇ ਖਿਡੌਣੇ ਘਰੋਂ ਬਣਾ ਕੇ ਲਿਆਉਣ ਲਈ ਕਿਹਾ ਜਾਵੇ।

ਗੱਲ ਨੂੰ ਅਗਾਂਹ ਤੋਰਦਿਆਂ ਦਾਦੀ ਮਾਂ ਬੋਲੀ, "ਪੁੱਤਰ! ਜਿਵੇਂ-ਜਿਵੇਂ ਸਮਾਂ ਬਦਲਦਾ ਗਿਆ, ਮਨੁੱਖ ਦੀ ਸੋਚ ਵੀ ਬਦਲਦੀ ਗਈ। ਉਸਦੇ ਰਹਿਣ-ਸਹਿਣ ਦੇ ਢੰਗ ਵਿੱਚ ਬੜੀਆਂ ਤਬਦੀਲੀਆਂ ਆਈਆਂ। ਪਹਿਲਾਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਅਤੇ ਕੱਚਾ ਮਾਸ ਖਾਂਦਾ ਸੀ ਪਰ ਅੱਗ ਅਤੇ ਪਹੀਏ ਦੀ ਖੋਜ ਨਾਲ਼ ਉਸਦਾ ਜੀਵਨ ਸੁਖਾਲਾ ਹੋ ਗਿਆ। ਥਾਂ-ਥਾਂ ਖ਼ਾਨਾਬਦੋਸ਼ ਬਣ ਕੇ ਘੁੰਮਣ ਵਾਲਾ ਮਨੁੱਖ ਹੁਣ ਇੱਕ ਥਾਂ ਰਹਿਣ ਲੱਗ ਪਿਆ। ਕੱਚੇ ਮਾਸ ਨੂੰ ਅੱਗ 'ਤੇ ਭੁੰਨ ਕੇ ਖਾਣਾ ਸ਼ੁਰੂ ਕਰ ਦਿੱਤਾ। ਖੇਤੀ ਕਰਕੇ ਅਨਾਜ ਅਤੇ ਦਾਲਾਂ ਉਗਾਉਣ ਲੱਗਾ ਪਰ ਔਖੇ ਸਮੇਂ ਲਈ ਖਾਣ ਦੀਆਂ ਵਸਤਾਂ ਨੂੰ ਸਟੋਰ ਕਰਕੇ ਰੱਖਣਾ ਬਹੁਤ ਜ਼ਰੂਰੀ ਸੀ। ਇਸ ਲਈ ਉਸਨੂੰ ਬਰਤਨਾਂ ਦੀ ਲੋੜ ਮਹਿਸੂਸ ਹੋਈ। ਪਹੀਏ (ਚੱਕ) 'ਤੇ ਗਿੱਲੀ ਗੁੰਨ੍ਹੀ ਮਿੱਟੀ ਰੱਖ ਕੇ ਹੱਥ ਨਾਲ਼ ਮਿੱਟੀ ਦੇ ਬਰਤਨ ਬਣਾਉਣ ਲੱਗਾ। ਬੁੱਧੀ ਹੋਰ ਵਿਕਸਿਤ ਹੋਈ ਤਾਂ ਉਸਨੇ ਕੱਚੇ ਮਿੱਟੀ ਦੇ ਬਰਤਨਾਂ ਨੂੰ ਅੱਗ ਵਿੱਚ ਪਕਾ ਕੇ ਮਜ਼ਬੂਤ ਕਰਨ ਦਾ ਢੰਗ ਵੀ ਸਿੱਖ ਲਿਆ। ਅੱਗ ਦੇ ਪੱਕੇ ਬਰਤਨਾਂ ਦਾ ਉਸਨੂੰ ਇਹ ਲਾਭ ਹੋਇਆ ਕਿ ਉਹ ਇਸ ਵਿੱਚ ਦੁੱਧ, ਪਾਣੀ, ਤੇਲ ਅਤੇ ਹੋਰ ਤਰਲ ਪਦਾਰਥ ਸਟੋਰ ਕਰਕੇ ਰੱਖਣ ਲੱਗਾ। ਆਪਣੇ ਮਨ ਦੇ ਭਾਵਾਂ ਅਤੇ ਰੀਝਾਂ ਨੂੰ ਦਰਸਾਉਣ ਲਈ ਇਨ੍ਹਾਂ ਉੱਪਰ ਵੱਖ-ਵੱਖ ਚਿੱਤਰ ਜਿਵੇਂ-ਜਾਨਵਰ, ਪੌਦੇ, ਸੂਰਜ, ਚੰਦ ਬਣਾ ਕੇ ਉਨ੍ਹਾਂ ਵਿੱਚ ਰੰਗ ਭਰਨ ਲੱਗਾ।





ਪੁਰਾਣੇ ਸਮਿਆਂ ਵਿੱਚ ਵਰਤੇ ਜਾਣ ਵਾਲੇ ਮਿੱਟੀ ਦੇ ਬਰਤਨ

ਧਰਤੀ ਦੀ ਖੁਦਾਈ ਤੋਂ ਪੁਰਾਤਨ ਬਰਤਨਾਂ ਦੇ ਕਈ ਟੁਕੜੇ ਅਤੇ ਅਵਸ਼ੇਸ਼ ਮਿਲੇ ਹਨ ਜਿਨ੍ਹਾਂ ਨੂੰ ਅੱਜ ਵੀ ਅਜਾਇਬ ਘਰਾਂ ਵਿੱਚ ਬੜੀ ਸਾਂਭ-ਸੰਭਾਲ ਨਾਲ਼ ਰੱਖਿਆ ਗਿਆ ਹੈ ਤਾਂ ਜੋ ਨਵੀਂ ਪੀੜ੍ਹੀ ਰਹਿਣ-ਸਹਿਣ ਦੇ ਪੁਰਾਤਨ ਢੰਗਾਂ ਬਾਰੇ ਜਾਣੂੰ ਹੋ ਸਕੇ।

**ਅਧਿਆਪਕ ਲਈ—**ਪੰਜਾਬ ਵਿੱਚ ਬਹੁਤ ਸਾਰੇ ਅਜਾਇਬ ਘਰ ਹਨ। ਹੋ ਸਕਦਾ ਹੈ ਤੁਹਾਡੇ ਨਜ਼ਦੀਕੀ ਪਿੰਡ ਜਾਂ ਸ਼ਹਿਰ ਵਿੱਚ ਕੋਈ ਅਜਾਇਬ ਘਰ ਹੋਵੇ ਅਤੇ ਜੇ ਸੰਭਵ ਹੋਵੇ ਤਾਂ ਬੱਚਿਆਂ ਨੂੰ ਉੱਥੇ ਲਿਜਾਇਆ ਜਾਵੇ।

**ਕਿਰਿਆ-2 :** ਮਿੱਟੀ ਦੇ ਭਾਂਡੇ ਬਣਾਉਣ ਵਾਲੇ ਕਾਰੀਗਰ ਨੂੰ ਘੁਮਿਆਰ ਕਹਿੰਦੇ ਹਨ। ਆਪਣੇ ਮਾਤਾ ਪਿਤਾ ਜਾਂ ਪਰਿਵਾਰ ਦੇ ਕਿਸੇ ਹੋਰ ਵੱਡੇ ਮੈਂਬਰ ਨਾਲ਼ ਘੁਮਿਆਰ ਦੇ ਘਰ ਜਾਉ ਅਤੇ ਵੇਖੋ ਕਿ ਉਹ ਕਿਵੇਂ ਭਾਂਡੇ ਬਣਾਉਂਦਾ ਅਤੇ ਪਕਾਉਂਦਾ ਹੈ।




ਘੁਮਿਆਰ ਦੁਆਰਾ ਬਣਾਏ ਜਾ ਰਹੇ ਮਿੱਟੀ ਦੇ ਦੀਵੇ



## ਯਾਦ ਰੱਖਣ ਯੋਗ ਗੱਲਾਂ

- ਪੁਰਾਤਨ ਸਮੇਂ ਵਿੱਚ ਮਿੱਟੀ ਦੇ ਬਣੇ ਬਰਤਨ ਵਰਤੇ ਜਾਂਦੇ ਸਨ।
- ਅੱਗ ਅਤੇ ਪਹੀਏ ਦੀ ਖੋਜ ਨਾਲ ਮਨੁੱਖ ਦਾ ਜੀਵਨ ਸੁਖਾਲਾ ਹੋ ਗਿਆ ਹੈ।
- ਘੁਮਿਆਰ ਚੱਕ ਦੀ ਵਰਤੋਂ ਨਾਲ ਮਿੱਟੀ ਦੇ ਬਰਤਨ ਬਣਾਉਂਦਾ ਹੈ।
- ਅਜਾਇਬ ਘਰ ਵਿੱਚ ਦੁਰਲੱਭ ਵਸਤਾਂ ਨੂੰ ਸੰਭਾਲ ਕੇ ਰੱਖਿਆ ਜਾਂਦਾ ਹੈ।



ਪ੍ਰਸ਼ਨ 2. ਮਿੱਟੀ ਦੇ ਬਰਤਨ ਬਣਾਉਣ ਵਾਲੇ ਕਾਰੀਗਰ ਨੂੰ ਕੀ ਆਖਦੇ ਹਨ ?

..............................................................................................

ਪ੍ਰਸ਼ਨ 3. ਕਿਸ ਚੀਜ਼ ਦੀ ਖੋਜ ਨਾਲ਼ ਆਦਿ-ਮਾਨਵ ਕੱਚਾ ਮਾਸ ਭੁੰਨ ਕੇ ਖਾਣ ਲੱਗਾ ?

..............................................................................................

ਪ੍ਰਸ਼ਨ 4. ਪੁਰਾਤਨ ਸਮੇਂ ਵਿੱਚ ਅਨਾਜ ਨੂੰ ਸਟੋਰ ਕਰਨ ਲਈ ਵਰਤੇ ਜਾਣ ਵਾਲੇ ਬਰਤਨ ਦਾ ਨਾਂ ਦੱਸੋ।

..............................................................................................

ਪ੍ਰਸ਼ਨ 5. ਘੁਮਿਆਰ ਵਲੋਂ ਵਰਤੇ ਜਾਣ ਵਾਲੇ ਪਹੀਏ ਨੂੰ ਕੀ ਆਖਦੇ ਹਨ ?

..............................................................................................

6. ਖ਼ਾਲੀ ਥਾਂਵਾਂ ਭਰੋ—

(ਮਿੱਟੀ, ਪਹੀਏ, ਕੱਚੀ ਮਿੱਟੀ, ਅੱਗ, ਅਜਾਇਬ ਘਰ)

(ੳ) ਦੀਵਾਲੀ ਵਾਲੀ ਰਾਤ ਅਸੀਂ ਬਨੇਰਿਆਂ 'ਤੇ ........................ ਦੇ ਬਣੇ ਹੋਏ ਦੀਵੇ ਬਾਲਦੇ ਹਾਂ।

(ਅ) ........................ ਅਤੇ ........................ ਦੀ ਖੋਜ ਨਾਲ਼ ਆਦਿ ਮਾਨਵ ਦਾ ਜੀਵਨ ਸੁਖਾਲਾ ਹੋ ਗਿਆ।

(ੲ) ਪੁਰਾਣੀਆਂ ਦੁਰਲੱਭ ਵਸਤਾਂ ਨੂੰ ........................ ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ।

(ਸ) ਘੁਮਿਆਰ ........................ ਦੇ ਬਰਤਨ ਅੱਗ ਵਿੱਚ ਪਕਾਉਂਦਾ ਹੈ।

*****

ਪਾਠ-19

# ਡਿਜੀਟਲ ਉਪਕਰਨ

ਬੱਚਿਓ, ਅੱਜ ਸਾਡੀ ਦੁਨੀਆਂ ਵਿੱਚ ਬਿਜਲਈ ਮਸ਼ੀਨਾਂ ਅਤੇ ਖ਼ਾਸ ਕਰ ਡਿਜੀਟਲ ਮਸ਼ੀਨਾਂ ਦੀ ਭਰਮਾਰ ਹੈ। ਅੱਜ-ਕੱਲ੍ਹ ਸਾਡੇ ਘਰ ਅੰਦਰ ਹੀ ਬਹੁਤ ਸਾਰੇ ਉਪਕਰਨ ਹਨ ਜੋ ਬਿਜਲੀ ਨਾਲ ਚਲਦੇ ਹਨ ਅਤੇ ਸਾਡੇ ਵੱਖੋ-ਵੱਖ ਕੰਮ ਸਕਿੰਟਾਂ ਵਿੱਚ ਕਰ ਦਿੰਦੇ ਹਨ। ਇਸ ਪਾਠ ਵਿੱਚ ਅਸੀਂ ਉਨ੍ਹਾਂ ਡਿਜੀਟਲ ਉਪਕਰਨਾਂ ਬਾਰੇ ਜਾਣਾਂਗੇ, ਜਿਹੜੇ ਕਿ ਆਮ ਤੌਰ 'ਤੇ ਸਾਡੇ ਘਰਾਂ ਵਿੱਚ ਵਰਤੇ ਜਾਂਦੇ ਹਨ।



ਹੁਣ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਤਕਰੀਬਨ ਘਰ ਦੇ ਸਾਰੇ ਉਪਕਰਨ ਡਿਜੀਟਲ ਅਤੇ ਸਮਾਰਟ ਹੋ ਗਏ ਹਨ। ਪਹਿਲਾਂ ਦੇ ਮੁਕਾਬਲੇ ਇਨ੍ਹਾਂ ਦੀ ਕਾਰਜ ਕਰਨ ਦੀ ਸਮਰੱਥਾ ਅਤੇ ਗੁਣਵੱਤਾ ਵਿੱਚ ਅਥਾਹ ਵਾਧਾ ਹੋਇਆ ਹੈ। ਆਓ ਕੁਝ ਉਪਕਰਨਾਂ ਬਾਰੇ ਜਾਣਕਾਰੀ ਲਈਏ—

**1. ਰੇਡੀਓ**—ਰੇਡੀਓ ਦੀ ਵਰਤੋਂ ਅਸੀਂ ਘਰਾਂ ਵਿੱਚ ਖ਼ਬਰਾਂ ਸੁਣਨ ਅਤੇ ਗਾਣੇ ਆਦਿ ਸੁਣਨ ਲਈ ਕਰਦੇ ਹਾਂ। ਇਹ ਸਾਨੂੰ ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਦਿੰਦਾ ਹੈ ਜਿਵੇਂ ਸਿਹਤ ਅਤੇ ਸਿੱਖਿਆ। ਇਹ ਸ਼ਬਦ ਭੰਡਾਰ ਵਿੱਚ ਵਾਧਾ ਕਰਦਾ ਹੈ ਅਤੇ ਸਾਡਾ ਮਨੋਰੰਜਨ ਵੀ ਕਰਦਾ ਹੈ।






**2. ਟੀ.ਵੀ.**—ਟੀ.ਵੀ. (ਟੈਲੀਵਿਜ਼ਨ) ਬੱਚਿਆਂ ਦੇ ਮਨੋਰੰਜਨ ਦਾ ਮਨਪਸੰਦ ਸਾਧਨ ਹੈ। ਇਸ ਵਿੱਚ ਆਵਾਜ਼ ਦੇ ਨਾਲ਼-ਨਾਲ਼ ਚਲਦੀਆਂ-ਫਿਰਦੀਆਂ ਤਸਵੀਰਾਂ ਵੀ ਨਜ਼ਰ ਆਉਂਦੀਆਂ ਹਨ। ਇਹ ਸਾਨੂੰ ਘਰ ਬੈਠੇ ਹੀ ਸਾਰੀ ਦੁਨੀਆਂ ਦੀ ਸੈਰ ਕਰਵਾ ਦਿੰਦਾ ਹੈ। ਕਾਰਟੂਨ, ਫਿਲਮਾਂ, ਗਾਣੇ, ਖੇਡਾਂ ਪਤਾ ਨਹੀਂ ਹੋਰ ਕਿੰਨਾਂ ਕੁਝ ਰਿਮੋਟ ਦਾ ਇੱਕ ਬਟਨ ਦੱਬਣ ਨਾਲ ਇਹ ਸਾਡੇ ਸਾਹਮਣੇ ਪੇਸ਼ ਕਰ ਦਿੰਦਾ ਹੈ।



3. **ਫਰਿੱਜ—** ਫਰਿੱਜ ਦੀ ਵਰਤੋਂ ਘਰਾਂ ਵਿੱਚ ਖਾਣ ਦੀਆਂ ਵਸਤੂਆਂ ਨੂੰ ਠੰਡਾ ਰੱਖਣ ਲਈ ਕੀਤੀ ਜਾਂਦੀ ਹੈ। ਇਸ ਨਾਲ਼ ਖ਼ਾਣਾ ਖਰਾਬ ਹੋਣ ਤੋਂ ਬਚਿਆ ਰਹਿੰਦਾ ਹੈ। ਇਸ ਦੀ ਵਰਤੋਂ ਮਾਂ ਤੁਹਾਨੂੰ ਠੰਡੀ ਅਤੇ ਮਿੱਠੀ ਆਈਸ-ਕਰੀਮ ਬਣਾਕੇ ਦੇਣ ਲਈ ਵੀ ਕਰਦੀ ਹੈ। ਗਰਮੀਆਂ ਵਿੱਚ ਤੁਸੀਂ ਸਾਰੇ ਘਰ ਆਉਂਦੇ ਹੀ ਠੰਡਾ ਪਾਣੀ, ਪੀਣ ਲਈ ਫਰਿੱਜ ਵੱਲ ਭੱਜਦੇ ਹੋ। ਕਈ ਦਵਾਈਆਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਘੱਟ ਤਾਪਮਾਨ ਦੀ ਲੋੜ ਹੁੰਦੀ ਹੈ। ਇਸ ਲਈ ਇਹ ਦਵਾਈਆਂ ਫਰਿੱਜ ਵਿੱਚ ਰੱਖੀਆਂ ਜਾਂਦੀਆਂ ਹਨ ਜਿਵੇਂ ਪੋਲੀਓ ਵੈਕਸੀਨ



4. **ਪ੍ਰੈੱਸ—**ਬੱਚਿਓ, ਤੁਹਾਡੇ ਮੰਮੀ ਜੀ ਸਕੂਲ ਆਉਣ ਵੇਲੇ ਤੁਹਾਡੀ ਵਰਦੀ ਨੂੰ ਪ੍ਰੈੱਸ ਦੀ ਮਦਦ ਨਾਲ਼ ਹੀ ਤਾਂ ਸਾਫ਼ ਤੇ ਸੋਹਣਾ ਬਣਾਉਂਦੇ ਹਨ। ਕੱਪੜੇ ਧੋਣ ਤੋਂ ਬਾਅਦ ਕੱਪੜੇ ਵਿੱਚ ਪਏ ਵੱਟਾਂ ਨੂੰ ਕੱਢਣ ਲਈ ਗਰਮ-ਗਰਮ ਪ੍ਰੈੱਸ ਮਿੰਟ ਲਾਉਂਦੀ ਹੈ। ਪਰੰਤੂ ਬੱਚਿਓ, ਤੁਸੀਂ ਗਰਮ ਪ੍ਰੈੱਸ ਦੇ ਨਜ਼ਦੀਕ ਜਾਣ ਤੋਂ ਪ੍ਰਹੇਜ ਕਰਨਾ ਹੈ, ਨਹੀਂ ਤਾਂ ਤੁਹਾਡਾ ਹੱਥ ਜਾਂ ਕੋਈ ਹੋਰ ਅੰਗ ਸੜ ਸਕਦਾ ਹੈ।




5. **ਕੈਮਰਾ—**ਕੈਮਰੇ ਦੀ ਵਰਤੋਂ ਤਸਵੀਰਾਂ ਖਿੱਚਣ ਲਈ ਕੀਤੀ ਜਾਂਦੀ ਹੈ। ਅੱਜਕੱਲ੍ਹ ਦੇ ਡਿਜੀਟਲ ਕੈਮਰੇ ਵਿੱਚ ਕੋਈ ਰੋਲ ਵੀ ਨਹੀਂ ਪਾਉਣਾ ਪੈਂਦਾ, ਸਗੋਂ ਸਿੱਧੀਆਂ ਹੀ ਤਸਵੀਰਾਂ ਪ੍ਰਿੰਟ ਹੋ ਜਾਂਦੀਆਂ ਹਨ।






**6. ਮੋਬਾਈਲ—** ਪਹਿਲਾਂ ਮੋਬਾਈਲ ਦੀ ਵਰਤੋਂ ਕੇਵਲ ਦੂਰ ਬੈਠੇ ਵਿਅਕਤੀ ਨਾਲ ਗੱਲਾਂ ਕਰਨ ਲਈ ਹੀ ਕੀਤੀ ਜਾਂਦੀ ਸੀ। ਪਰ ਅੱਜ ਕੱਲ੍ਹ ਦੇ ਸਮਾਰਟ ਮੋਬਾਈਲ ਤੇ ਤੁਸੀਂ ਬਹੁਤ ਸਾਰੇ ਕੰਮ ਕਰ ਸਕਦੇ ਹੋ। ਗੇਮ ਖੇਡਣਾ, ਰਸਤਾ ਲੱਭਣਾ, ਮੌਸਮ ਦੀ ਜਾਣਕਾਰੀ ਲੈਣਾ, ਚੈਟਿੰਗ ਕਰਨਾ, ਤਸਵੀਰਾਂ ਅਤੇ ਵੀਡਿਓ ਦੇਖਣਾ ਅਤੇ ਭੇਜਣਾ, ਬਿੱਲ ਭਰਨੇ ਅਤੇ ਹੋਰ ਪਤਾ ਨਹੀਂ ਕਿੰਨੇ ਕੁ ਕੰਮ ਅੱਜ ਸਾਡਾ ਮੋਬਾਈਲ ਕਰ ਦਿੰਦਾ ਹੈ।





**7. ਵਾਸ਼ਿੰਗ ਮਸ਼ੀਨ—** ਇਸ ਦੀ ਵਰਤੋਂ ਕੱਪੜੇ ਧੋਣ ਲਈ ਕੀਤੀ ਜਾਂਦੀ ਹੈ। ਹੁਣ ਸਮਾਰਟ ਵਾਸ਼ਿੰਗ ਮਸ਼ੀਨਾਂ ਆ ਗਈਆਂ ਹਨ, ਜੋ ਕਿ ਕੱਪੜਿਆਂ ਨੂੰ ਆਪਣੇ ਆਪ ਹੀ ਧੋ ਅਤੇ ਸੁਕਾ ਵੀ ਦਿੰਦੀਆਂ ਹਨ। ਤੁਸੀਂ ਉਸ ਵਿੱਚ ਕੱਪੜੇ ਪਾਉਣ ਤੋਂ ਬਾਅਦ ਉਸਨੂੰ ਚਾਲੂ ਹੀ ਕਰਨਾ ਹੈ....ਤੇ ਬੱਸ, ਹੋ ਗਈ ਕੱਪੜਿਆਂ ਦੀ ਸਫ਼ਾਈ।



**8. ਕੰਪਿਊਟਰ—**ਕੰਪਿਊਟਰ ਇੱਕ ਅਜਿਹੀ ਡਿਜੀਟਲ ਮਸ਼ੀਨ ਹੈ, ਜਿਸਨੇ ਹੁਣ ਹਰ ਘਰ ਦੇ ਵਿੱਚ ਆਪਣੀ ਜਗ੍ਹਾ ਬਣਾ ਲਈ ਹੈ। ਇਸ ਦੀ ਵਰਤੋਂ ਹਰ ਇੱਕ ਕੰਮ ਦੇ ਵਿੱਚ ਹੋਣ ਲੱਗੀ



ਹੈ, ਫੇਰ ਭਾਵੇਂ ਉਹ ਮਨੋਰੰਜਨ ਹੀ ਕਿਉਂ ਨਾ ਹੋਵੇ। ਇਹ ਇੱਕ ਸਮਾਰਟ ਮਸ਼ੀਨ ਹੈ ਜੋ ਸਾਡੇ ਹਰ ਇੱਕ ਕੰਮ ਨੂੰ ਸੁਖਾਲਾ ਬਣਾ ਦਿੰਦੀ ਹੈ। ਗਾਣੇ ਸੁਣਨਾ, ਫਿਲਮਾਂ ਦੇਖਣਾ, ਗੇਮ ਖੇਡਣਾ, ਇੰਟਰਨੈਟ 'ਤੇ ਜਾਣਕਾਰੀ ਲੱਭਣਾ, ਹਿਸਾਬ-ਕਿਤਾਬ ਰੱਖਣਾ, ਪੜ੍ਹਾਈ ਕਰਨਾ, ਬਿੱਲ ਭਰਨੇ, ਦੂਰ ਬੈਠੇ ਰਿਸ਼ਤੇਦਾਰਾਂ ਨਾਲ਼ ਗੱਲਬਾਤ ਕਰਨਾ, ਚਿੱਠੀਆਂ ਲਿਖਣਾ ਅਤੇ ਭੇਜਣਾ ਆਦਿ ਵਰਗੇ ਹਰ ਤਰ੍ਹਾਂ ਦੇ ਕੰਮ ਤੁਸੀਂ ਇਸ ਇੱਕ ਹੀ ਮਸ਼ੀਨ 'ਤੇ ਕਰ ਸਕਦੇ ਹੋ।



## ਯਾਦ ਰੱਖਣ ਯੋਗ ਗੱਲਾਂ

- ਨੰਗੇ ਪੈਰ ਜਾਂ ਗਿੱਲੇ ਹੱਥਾਂ ਨਾਲ਼ ਬਿਜਲੀ ਦੇ ਕਿਸੇ ਉਪਕਰਨ ਨੂੰ ਛੂਹਣਾ ਨਹੀਂ ਚਾਹੀਦਾ।
- ਪ੍ਰੈੱਸ ਦੀ ਵਰਤੋਂ ਬੱਚਿਆਂ ਨੂੰ ਖ਼ੁਦ ਨਹੀਂ ਕਰਨੀ ਚਾਹੀਦੀ।



1. **ਖ਼ਾਲੀ ਥਾਵਾਂ ਭਰੋ :—**

**ਕੰਪਿਊਟਰ ਡਿਜੀਟਲ, ਫਰਿੱਜ, ਸੁਖਾਲਾ, ਮਨੋਰੰਜਨ**

(ੳ) ਰੇਡੀਓ ਸਾਡਾ .................... ਕਰਦਾ ਹੈ।

(ਅ) .................... ਖਾਣ ਵਾਲੀਆਂ ਵਸਤੂਆਂ ਨੂੰ ਠੰਡਾ ਰੱਖਦਾ ਹੈ।

(ੲ) .................... ਕੈਮਰੇ ਵਿੱਚ ਰੋਲ ਵੀ ਪਵਾਉਣਾ ਨਹੀਂ ਪੈਂਦਾ।

(ਸ) .................... ਸਮਾਰਟ ਮਸ਼ੀਨ ਹੈ ਜੋ ਸਾਡੇ ਕੰਮ ਨੂੰ .................... ਕਰਦੀ ਹੈ।

2. **ਉੱਤਰ ਦਿਓ :—**

(ੳ) ਕੰਪਿਊਟਰ ਦੀ ਵਰਤੋਂ ਦੇ ਤਿੰਨ ਖੇਤਰ ਲਿਖੋ।

1. .......................... 2. .................... 3. ....................

(ਅ) ਗਰਮ ਪ੍ਰੈੱਸ ਦੇ ਨਜ਼ਦੀਕ ਕਿਉਂ ਨਹੀਂ ਆਉਣਾ ਚਾਹੀਦਾ?

..............................................................................

*****